Life-Guide™

nysp

North Yorkshire Strategic Partnership

# UK ਦੇ ਜੀਵਨ ਦਾ ਪਥ-ਪ੍ਰਦਰਸ਼ਨ



# ਵਿਸ਼ਾ-ਸੂਚੀ

ਜੀ ਆਇਆਂ ਨੂੰ

**ਇੰਗਲੈਂਡ ਵਿੱਚ ਰਹਿਣਾ**
- ਇੱਕ ਨਜ਼ਰ
- ਟੇਲਿਫ਼ੋਨ ਕਾੱਲਾਂ ਕਰਨਾ
- ਮੋਬਾਈਲ ਫ਼ੋਨ
- ਖੁੱਲ੍ਹਣ ਦਾ ਸਮਾਂ
- ਬੈਂਕ/ਜਨਤੱਕ ਛੁੱਟੀਆਂ
- ਮੌਸਮ/ਰਿਤੁ
- ਡਾਕ ਖਾਨੇ ਕਿੱਥੇ ਲੱਭਣੇ ਹਨ
- ਰੁਪਏ/ਬੈਂਕਿੰਗ
- ਟੀਵੀ ਲਾਇਸੇਂਸ
- ਜਨਤੱਕ ਲਾਇਬ੍ਰੇਰੀਆਂ
- ਬ੍ਰਿਟਿਸ਼ ਸੰਸਕ੍ਰਿਤੀ ਉੱਤੇ ਟਿਪ

**ਰਿਹਾਇਸ਼**
- ਇੱਕ ਨਜਰ
- ਕੀ ਤੁਸੀ ਇੰਗਲੈਂਡ ਵਿੱਚ ਰਹਿ ਸਕਦੇ ਹੋ?
- ਰਿਹਾਇਸ਼ ਦੇ ਪ੍ਰਕਾਰ
- ਮੇਹਮਾਨ ਘਰ/ਬੈਡ ਅਤੇ ਨਾਸ਼ਤਾ
- ਨਿਜੀ ਮਕਾਨ ਮਾਲਕ
- ਆਪਣੇ ਨਿਓਜਕ ਨਾਲ ਰਹਿਣਾ
- ਸਮਾਜਕ ਹਾਊਸਿੰਗ
- ਸੰਪਤੀ ਖਰੀਦਣਾ
- ਬੇਘਰ ਹੋਣਾ

**ਇੰਗਲੈਂਡ ਵਿੱਚ ਕੰਮ ਕਰਨਾ**
- ਇੱਕ ਨਜ਼ਰ
- ਰਾਸ਼ਟਰੀ ਬੀਮਾ ਨੰਬਰ
- ਮਜ਼ਦੂਰ ਪੰਜੀਕਰਣ ਯੋਜਨਾ
- ਵਰਕ ਪਰਮਿਟ ਅਤੇ ਐਕਸੈਸ਼ਨ ਵਰਕਰ ਕਾਰਡ
- ਕੰਮ ਲੱਭਣਾ
- ਜਾੱਬਸੇਂਟਰ ਪਲੱਸ
- ਜੋਗਤਾ
- ਕੰਮ ਤੇ ਤੁਹਾਡੇ ਹੱਕ
- ਪਿੱਤਰਤਵ ਛੁੱਟੀ
- ਮਜ਼ਦੂਰੀ
- ਕਟੌਤੀ
- ਸੇਹਤ ਅਤੇ ਸੁਰੱਖਿਆ
- ਯੂਨਿਯਨ ਨਾਲ ਜੁੜਨਾ
- ਜੇਕਰ ਤੁਸੀ ਬਿਮਾਰ ਜਾਂ ਲੇਟ ਹੋਵੋ
- ਬਿਮਾਰੀ ਦਾ ਭੁਗਤਾਨ ਪ੍ਰਾਪਤ ਕਰਨਾ
- ਉਤਪੀੜਨਾ

**ਸਿੱਖਿਆ**
- ਵੇਰਵਾ
- ਸਕੂਲ ਵਰ੍ਹਾ
- ਸਕੂਲ ਅਤੇ ਕਾਲਜ
- ਖਰਚੇ
- ਸਕੂਲ ਵਿਖੇ ਸਿੱਖਣਾ
- ਬਰਾਬਰ ਦੇ ਮੌਕੇ
- ਸਕੂਲ ਦੇ ਨਿਯਮ
- ਸਕੂਲ ਵਿੱਚ ਮੁਸ਼ਕਲਾਂ
- ਹਾਜ਼ਰੀ
- ਪ੍ਰੀਖਿਆਵਾਂ
- 16 ਸਾਲ ਦੀ ਉਮਰ ਮਗਰੋਂ
- ਸਕੂਲ ਵਿੱਚ ਹੀ ਰਹਿਣਾ
- ਸਕੂਲ ਛੱਡਣਾ
- ਅਗਲੇਰੀ ਸਿੱਖਿਆ
- ਉਚੇਰੀ ਸਿੱਖਿਆ

**ਸੇਹਤ ਅਤੇ ਦੇਖਭਾਲ**
- ਇੱਕ ਨਜ਼ਰ
- ਡਾਕਟਰ ਨਾਲ ਪੰਜੀਕਰਣ ਕਰਵਾਉਣਾ
- ਆਪਣੇ ਡਾਕਟਰ ਦੀ ਸਰਜਰੀ ਵਿੱਖੇ ਮੁਲਾਕਾਤ ਨਿਰਧਾਰਿਤ ਕਰਨਾ
- ਜਦੋਂ ਡਾਕਟਰ ਦੀ ਸਰਜਰੀ ਬੰਦ ਹੋਵੇ
- ਗੰਭੀਰ ਆਪਾਤਕਾਲ ਦੇਖਭਾਲ
- ਐਨਐਚਐਸ ਡਾਇਰੈਕਟ
- ਫਾਰਮੈਸੀਆਂ
- ਬੱਚਿਆਂ ਦੇ ਨਾਲ ਪਰਿਵਾਰਾਂ ਲਈ ਸੇਵਾਵਾਂ
- ਦੰਦਾਂ ਦਾ ਡਾਕਟਰ
- ਅੱਖਾਂ ਦਾ ਡਾਕਟਰ
- ਪ੍ਰਤੀਰੱਖਿਆ
- ਸੇਕਸੁਅਲ ਸੇਹਤ
- ਸਮੋਕਿੰਗ

**ਪਰਿਵਹਨ**
- ਇੱਕ ਨਜ਼ਰ
- ਡ੍ਰਾਈਵਿੰਗ ਲਾਇਸੇਂਸ/ਅੰਤਰਰਾਸ਼ਟਰੀ ਲਾਇਸੇਂਸ
- ਐਮਓਟੀ
- ਬੀਮਾ
- ਸੜਕ ਕਰ
- ਸੜਕ ਤੇ ਕਾਯਦੇ
- ਬਸ ਸੇਵਾਵਾਂ
- ਟ੍ਰੇਨਾਂ

# ਵਿਸ਼ਾ-ਸੂਚੀ

- ਟੈਕਸੀਆਂ

ਇੰਗਲੈਂਡ ਵਿੱਚ ਕਾਨੂੰਨ
- ਚਾਕੂ
- ਡ੍ਰਗਸ
- ਅਲਕੋਹਲ
- ਜਨਤੱਕ ਆਦੇਸ਼
- ਸਮਾਜ-ਰੋਧੀ ਵਰਤਾਉਂ ਆਦੇਸ਼ਛ
- ਨਫ਼ਰਤ ਦਾ ਗੁਨਾਹ
- ਘਰੇਲੁ ਹਿੰਸਾ
- ਜੇਕਰ ਤੁਸੀ ਗੁਨਾਹ ਕੀਤਾ ਹੈ

ਨਿੱਜੀ ਸੁਰੱਖਿਆ
- ਵੇਰਵਾ
- ਅੱਗ ਤੋਂ ਸੁਰੱਖਿਆ
- ਕ੍ਰੈਡਿਟ ਕਾਰਡ
- ਪਛਾਣ ਦੀ ਚੋਰੀ
- ਮੋਬਾਈਲ ਫ਼ੋਨ
- ਵਾਹਨ ਸੁਰੱਖਿਆ
- ਘਰ ਦੀ ਸੁਰੱਖਿਆ
- ਐਮਰਜੈਂਸੀ ਨੰਬਰ

ਸੇਵਾਵਾਂ ਦੀ ਡਾਇਰੈਕਟਰੀ



# ਇੰਗਲੈਂਡ ਵਿੱਚ ਰਹਿਣਾ

## ਇੱਕ ਨਜ਼ਰ

ਤੁਹਾਡੇ ਪਿਛੋਕੜ ਦੇ ਆਧਾਰ ਤੇ, ਤੁਹਾਨੂੰ ਪਤਾ ਲੱਗ ਸਕਦਾ ਹੈ ਕਿ ਇੰਗਲੈਂਡ ਵਿੱਚ ਜਿੰਦਗੀ ਜੀਣ ਦੀ ਆਦਤ ਪੈਣ ਵਿੱਚ ਬਹੁਤ ਘੱਟ ਸਮਾਂ ਲੱਗਦਾ ਹੈ। ਹੇਠ ਦਿੱਤੇ ਖੰਡ ਤੁਹਾਨੂੰ ਇੰਗਲੈਂਡ ਵਿੱਚਲੀ ਜਿੰਦਗੀ ਬਾਰੇ ਮੂਲ ਜਾਣਕਾਰੀ ਮੁਹਈਆ ਕਰਾਉਂਦੇ ਹਨ।

## ਟੇਲਿਫ਼ੋਨ ਕੱਲਾਂ ਕਰਨਾ

ਜੇਕਰ ਤੁਹਾਡੀ ਰਿਹਾਇਸ਼ ਵਿੱਚ ਟੇਲਿਫ਼ੋਨ ਪਾਇੰਟ ਹੈ ਤੁਸੀ ਆਪਣੀ ਨਿਜੀ ਵਰਤੋਂ ਲਈ ਟੇਲਿਫ਼ੋਨ ਕਨੇਕਟ ਕਰਨਾ ਚਾਹ ਸਕਦੇ ਹੋ। ਇਹ ਕਰਨ ਲਈ ਤੁਹਾਨੂੰ ਟੇਲਿਫ਼ੋਨ ਕੰਪਨੀ ਵਿੱਚ ਪੰਜੀਕਰਣ ਕਰਵਾਉਣਾ ਪਵੇਗਾ।

ਇੰਗਲੈਂਡ ਵਿੱਚ ਕੱਲ ਸ਼ੁਲਕ ਵੱਖ ਵੱਖ ਹਨ। ਆਪਣਾ ਟੇਲਿਫ਼ੋਨ ਵਰਤਣ ਦਾ ਸਭ ਤੋਂ ਸਸਤਾ ਸਮਾਂ ਸ਼ਾਮ ਵੇਲੇ (ਸ਼ਾਮੀ ੬ ਵਜੇ ਤੋਂ ਸਵੇਰੇ ੮ ਵਜੇ) ਅਤੇ ਹਫ਼ਤੇ ਦਾ ਅਖੀਰ ਹੈ, ਪਰ ਅੰਤਰਰਾਸ਼ਟਰੀ ਕੱਲ ਸ਼ੁਲਕ ਰਾਤੀ ੮ ਵਜੇ ਤੋਂ ਸਵੇਰੇ ੮ ਵਜੇ ਤੱਕ ਸਸਤੇ ਹੁੰਦੇ ਹਨ। ਤੁਸੀ ਆਪਣੀ ਟੇਲਿਫ਼ੋਨ ਕੰਪਨੀ ਨਾਲ ਆਪਣੀ ਕੱਲ ਯੋਜਨਾ ਨਾਲ ਗੱਲਬਾਦ ਕਰ ਸਕਦੇ ਹੋ ਕਿਉਂਕਿ ਸੰਭਵ ਹੈ ਕਿ ਕੁਝ ਕੰਪਨੀਆਂ ਤੁਹਾਨੂੰ ਅੰਤਰਰਾਸ਼ਟਰੀ ਕਾਲਾਂ ਤੇ ਵਿਸ਼ੇਸ਼ ਪੇਸ਼ਕਸ਼ ਪ੍ਰਸਤੁਤ ਕਰੇ।

ਪੂਰੇ ਇੰਗਲੈਂਡ ਵਿੱਚ ਬਤੇਰੇ ਜਨਤੱਕ ਪੇਫ਼ੋਨ ਹਨ ਅਤੇ ਉਹਨਾਂ ਚੋਂ ਜਿਆਦਾਤਰ ਉੱਤੇ ਉਹਨਾਂ ਨੂੰ ਵਰਤਣ ਬਾਰੇ ਸਪਸ਼ਟ ਦ੍ਰਿਸ਼ਕ ਨਿਰਦੇਸ਼ ਹੁੰਦੇ ਹਨ। ਕੱਲਾਂ ਦੀ ਲਾਗਤ, ਇੰਗਲੈਂਡ ਵਿੱਚਕਾਰ ਕੱਲ ਲਈ ਘੱਟੋਘੱਟ 40 ਪੀ ਅਤੇ ਅੰਤਰਰਾਸ਼ਟਰੀ ਕੱਲ ਲਈ 1 ਪਾਉਂਡ ਹੈ। ਪੇਫ਼ੋਨ ਆਮਤੌਰ ਤੇ 10ਪੀ, 20ਪੀ, 50ਪੀ ਅਤੇ 1 ਪਾਉਂਡ ਦੇ ਸਿੱਕੇ ਸਵੀਕਾਰ ਕਰਦੇ ਹਨ। ਕੁਝ ਪੇਫ਼ੋਨ 'ਫ਼ੋਨ ਕਾਰੱਡ' ਵਰਤਕੇ ਸੰਚਾਲਤ ਕੀਤਾ ਜਾ ਸਕਦਾ ਹੈ, ਜੋ ਤੁਸੀ ਨਿਊਜ਼ਏਜੰਟ ਅਤੇ ਡਾਕ ਦਫ਼ਤਰਾਂ ਜੋ ਹਰਾ 'ਫ਼ੋਨ ਕਾਰਡ' ਦਰਸ਼ਾਉਂਦੇ ਹਨ ਤੋਂ ਖਰੀਦ ਸਕਦੇ ਹੋ। ਕੁਝ ਪੇਫ਼ੋਨ ਕੱਲਾਂ ਦੇ ਭੁੱਗਤਾਨ ਵਜੋਂ ਕ੍ਰੇਡਿਟ ਜਾਂ ਡੇਬਿਟ ਕਾਰਡ ਵੀ ਸਵੀਕਾਰ ਕਰਦੇ ਹਨ।

## ਮੋਬਾਈਲ ਫ਼ੋਨ

ਇੰਗਲੈਂਡ ਵਿੱਚ ਮੋਬਾਈਲ ਫ਼ੋਨ ਬਹੁਤ ਮਸ਼ਹੂਰ ਹਨ ਅਤੇ ਖਰੀਦਣ ਲਈ ਬਹੁਤ ਸਸਤੇ ਹਨ, ਭਾਵੇਂ ਉਹ ਵਰਤਣ ਵਿੱਚ ਮਹਿੰਗੇ ਹੋਣ। ਮੋਬਾਈਲ ਫ਼ੋਨ ਖਰੀਦਣ ਸਮੇਂ ਦੋ ਵਿਕਲਪਾਂ ਚੋਂ ਇੱਕ ਚੁਣਨਾ ਪੈਂਦਾ ਹੈ:

- ਪੇ-ਐਸ-ਯੂ-ਗੋ।: ਇੱਕ ਵਾਰ ਫੋਨ ਲੈਣ ਤੋਂ ਬਾਦ ਤੁਸੀ ਕੋਈ ਅਨੁਬੰਧ ਨਹੀਂ ਕਰਦੇ ਅਤੇ ਤੁਸੀ ਆਪਣਾਂ ਟੱਕ-ਟਾਈਮ ਖਰੀਦ ਜਾਂ 'ਟੱਪ-ਅੱਪ' ਕਰ ਸਕਦੇ ਹੋ ਅਤੇ ਉਸਨੂੰ ਲੋੜ ਪੈਣ ਤੇ ਵਰਤ ਸਕਦੇ ਹੋ। ਇਹ ਬਜਟ ਬਣਾਉਣਾ ਸੌਖਾ ਕਰ ਦਿੰਦਾ ਹੈ ਅਤੇ ਤੁਹਾਨੂੰ ਮਹੀਨੇ ਦੇ ਅਖੀਰ ਵਿੱਚ ਵੱਡੇ ਬਿਲ ਪ੍ਰਾਪਤ ਨਹੀਂ ਹੁੰਦੇ।
- ਅਨੁਬੰਧ।: ਅਨੁਬੰਧ 12 ਮਹੀਨੇ ਅਤੇ ਵੱਧ ਸਮੇਂ ਲਈ ਮੌਜੂਦ ਹੁੰਦੇ ਹਨ। ਜੇਕਰ ਤੁਸੀ ਅਨੁਬੰਧ ਚੁਣਦੇ ਹੋ ਤੇ ਦਸਤਖ਼ਤ ਕਰਨ ਤੋਂ ਪਹਿਲਾਂ ਮਾਸਕ ਭੁੱਗਤਾਨ ਅਤੇ ਕੱਲ ਸ਼ੁਲਕ ਜਾਂਚਣਾ ਯਕੀਨੀ ਬਣਾਓ। ਇਸ ਜਰੂਰੀ ਮਾਸਕ ਸ਼ੁਲਕ ਨਾਲ ਤੁਹਾਨੂੰ ਕੁਝ ਮਿਨਟ ਤੇ ਪਾਠ ਸੁਨੇਹੇ ਮੁਫ਼ਤ ਦਿੱਤੇ ਜਾਵਾਂਗੇ, ਇਸ ਮਾਸਕ ਆਵੰਟਨ ਤੋਂ ਵੱਧ ਨਾ ਜਾਣ ਦਾ ਜਤਨ ਕਰੋ ਕਿਉਂਕਿ ਉਸਦਾ ਫਾਲਤੁ ਸ਼ੁਲਕ ਹੋਵੇਗਾ।

ਜੇਕਰ ਤੁਸੀ ਸਮੁੰਦਰਪਾਰ ਕੱਲ ਕਰਨ ਲਈ ਆਪਣਾ ਮੋਬਾਈਲ ਫ਼ੋਨ ਵਰਤਣਾ ਚਾਹੁੰਦੇ ਹੋ ਤੇ ਜਾਂਚੋਂ ਕਿ ਕੀ ਤੁਹਾਡਾ ਸੇਵਾ ਪ੍ਰਦਾਤਾ ਤੁਹਾਨੂੰ ਇਹ ਕਰਲ ਦੀ ਆਗਿਆ ਦਿੰਦਾ ਹੈ।

ਚੇਤੇ ਰੱਖੋ ਕਿ ਮੋਟਰ ਵੱਡੀ ਚੱਲਾਉਂਦੇ ਸਮੇਂ ਆਪਣਾ ਮੋਬਾਈਲ ਫ਼ੋਨ ਸੰਚਾਲਤ ਕਰਨਾ ਗੈਰ-ਕਾਨੂੰਨੀ ਹੈ।

ਮਹਿੰਗੇ ਮੋਬਾਈਲ ਫ਼ੋਨ ਚੋਰਾਂ ਨੂੰ ਆਕਰਸ਼ਤ ਕਰ ਸਕਦੇ ਹਨ; ਉਸਨੂੰ ਸਰੱਖਿਅਤ ਰੱਖਣ ਬਾਰੇ ਸਲਾਹ ਲਈ ਨਿਜੀ ਸੁਰੱਖਿਆ ਖੰਡ ਵੇਖੋ।

## ਖੁੱਲ੍ਹਣ ਦਾ ਸਮਾਂ

ਇੰਗਲੈਂਡ ਵਿੱਚ ਬੈਂਕਾਂ, ਵਪਾਰਾਂ, ਡਾਕਖਾਨਿਆਂ ਅਤੇ ਦੁਕਾਨਾਂ ਲਈ ਆਮ ਖੁੱਲ੍ਹਣ ਦਾ ਸਮਾਂ ਇਹ ਹੈ:

- ਸੋਮਵਾਰ-ਸ਼ੁਕਰਵਾਰ: ਸਵੇਰੇ 9 ਵਜੇ ਤੋਂ ਸ਼ਾਮੀ 5.30 ਵਜੇ
- ਸ਼ਨਿਚਰਵਾਰ: ਜਿਆਦਾਤਰ ਰਿਟੇਲ ਦੁਕਾਨਾਂ ਸਵੇਰੇ 9 ਵਜੇ ਤੋਂ ਸ਼ਾਮੀ 5.30 ਵਜੇ ਤੱਕ ਖੁੱਲ੍ਹਦੀ ਹੈ। ਹਾਲਾਂਕਿ, ਸਿਰਫ਼ ਕੁਝ ਹੀ ਬੈਂਕ ਅਤੇ ਡਾਕ ਖਾਨੇ ਖੁੱਲਦੇ ਹਨ - ਇਹ ਮੁੱਖ ਰੂਪ ਤੋਂ ਸਿਟੀ ਸੇਂਟਰਾਂ ਵਿੱਚ ਹਨ ਅਤੇ ਅੱਧੇ ਦਿਨ ਬਾਦ ਬੰਦ ਹੋ ਜਾਂਦੇ ਹਨ।
- ਐਤਵਾਰ: ਬੈਂਕ ਅਤੇ ਡਾਕ ਖਾਨੇ ਐਤਵਾਰ ਨੂੰ ਨਹੀਂ ਖੁੱਲ੍ਹਦੇ। ਪਰ ਸਿਟੀ ਸੇਂਟਰਾਂ ਅਤੇ ਸ਼ਾਪਿੰਗ ਕੇਂਦਰਾਂ ਵਿੱਚਲੀ ਕੁਝ ਰਿਟੇਲ ਦੁਕਾਨਾ ਐਤਵਾਰ ਨੂੰ ਆਮਤੌਰ ਤੇ ਸਵੇਰੇ 10 ਵਜੇ ਅਤੇ ਸ਼ਾਮੀ 4 ਵਜੇ ਵਿੱਚਕਾਰ ਖੁੱਲ੍ਹਦੀ ਹਨ।

ਜੇਕਰ ਤੁਸੀ ਪੇਂਡੂ ਖੇਤਰ ਵਿੱਚ ਰਹਿੰਦੇ ਹੋ ਸੰਭਵ ਹੈ ਕਿ ਤੁਹਾਨੂੰ ਵੱਖ ਵੱਖ ਖੁੱਲ੍ਹਣ ਦਾ ਸਮਾਂ ਮਿਲੇ।

## ਬੈਂਕ/ਜਨਤੱਕ ਛੁੱਟੀਆਂ

ਇੰਗਲੈਂਡ ਅਤੇ ਵੇਲਜ਼ ਵਿੱਚ 8 (ਸਕੌਟਲੈਂਡ ਵਿੱਚ 9 ਅਤੇ ਨੌਰਦਰਨ ਆਇਰਲੈਂਡ ਵਿੱਚ 10) ਜਨਤੱਕ ਛੁੱਟੀਆਂ ਹੁੰਦੀ ਹਨ ਜਿਹਨਾਂ ਨੂੰ 'ਬੈਂਕ ਹੱਾਲੀਡੇ' ਆਖਿਆ ਜਾਂਦਾ ਹੈ ਜਦੋਂ ਜਿਆਦਾਤਰ ਵਪਾਰ, ਬੈਂਕ ਅਤੇ ਦੁਕਾਨਾਂ ਬੰਦ ਹੁੰਦੀ ਹਨ। ਬੈਂਕ ਛੁੱਟੀਆਂ ਨੂੰ, ਜਨਤੱਕ ਪਰਿਵਹਨ ਕਈਕਾਰ ਘੱਟ ਸੇਵਾ ਮੁਹਈਆ ਕਰਾਉਂਦਾ ਹੈ। ਹਾਲਾਂਕਿ ਇਹਨਾਂ ਬੈਂਕ ਛੁੱਟੀਆਂ ਤੋਂ ਕੁਝ ਦੀ ਮਿਤੀ ਹਰ ਵਰ੍ਹੇ ਬਦਲ ਸਕਦੀ ਹੈ, ਰਵਾਇਤੀ ਤੌਰ ਤੇ ਇਹ ਵਰ੍ਹੇ ਦੇ ਹੇਠ ਲਿੱਖੇ ਸਮੇਂ ਤੇ ਆਉਂਦੀ ਹਨ:

| | | |
|---|---|---|
| ਨਵੇਂ ਸਾਲ ਦਾ ਦਿਨ | – | 1 ਜਨਵਰੀ |
| 2 ਜਨਵਰੀ | – | 2 ਜਨਵਰੀ (ਸਿਰਫ਼ ਸਕੌਟਲੈਂਡ ਵਿੱਚ) |
| ਸੇਂਟ ਪੈਟ੍ਰਿਕਸ ਡੇਅ | – | 17 ਮਾਰਚ (ਸਿਰਫ਼ ਨੌਰਦਰਨ ਆਇਰਲੈਂਡ ਵਿੱਚ) |
| ਗੁੱਡ ਫ੍ਰਾਈਡ | – | ਮਾਰਚ/ਅਪ੍ਰੈਲ |
| ਈਸਟਰ ਮਨਡੇ | – | ਮਾਰਚ/ਅਪ੍ਰੈਲ (ਸਕੌਟਲੈਂਡ ਵਿੱਚ ਕੋਈ ਬੈਂਕ ਛੁੱਟੀ ਨਹੀਂ) |
| ਮਈ ਦੇ ਸ਼ੁਰੂ ਵਿੱਚ ਬੈਂਕ ਛੁੱਟੀ | – | ਮਈ ਵਿੱਚਲਾ ਪਹਿਲਾ ਸੋਮਵਾਰ |
| ਬਸੰਤ ਵਿੱਚ ਬੈਂਕ ਛੁੱਟੀ | – | ਮਈ ਵਿੱਚਲਾ ਅਖੀਰਲਾ ਸੋਮਵਾਰ |
| ਬੋਇਨ ਦੀ ਲੜਾਈ | – | 12 ਜੁਲਾਈ (ਸਿਰਫ਼ ਨੌਰਦਰਨ ਆਇਰਲੈਂਡ ਵਿੱਚ) |
| ਗਰਮੀਆਂ ਵਿੱਚ ਬੈਂਕ ਛੁੱਟੀ | – | ਅਗਸਤ ਵਿੱਚ ਅਖੀਰਲਾ ਸੋਮਵਾਰ (ਸਕੌਟਲੈਂਡ: ਅਗਸਤ ਵਿੱਚ ਪਹਿਲਾ ਸੋਮਵਾਰ) |
| ਸੇਂਟ ਐਂਡ੍ਰਿਊਜ਼ ਡੇਅ | – | 30 ਨਵੰਬਰ (ਸਿਰਫ਼ ਸਕੌਟਲੈਂਡ ਵਿੱਚ) |
| ਕ੍ਰਿਸਮਸ ਡੇ | – | 25 ਦਿਸੰਬਰ |
| ਬੱਾਸਿੰਗ ਡੇ | – | 26 ਦਿਸੰਬਰ |

ਤੁਸੀ ਆਪਣੇ ਸਥਾਨੱਕ ਡਾਕ ਖਾਨੇ ਤੋਂ ਬੈਂਕ ਛੁੱਟੀਆਂ ਦੀ ਵਿਸ਼ੇਸ਼ ਮਿਤੀਆਂ ਪ੍ਰਾਪਤ ਕਰ ਸਕਦੇ ਹੋ।

## ਮੌਸਮ/ਰਿਤੁ

ਇੰਗਲੈਂਡ ਵਿੱਚ ਕਈਵਾਰ ਮੌਸਮ ਦੀ ਭਵਿੱਖਵਾਣੀ ਨਹੀਂ ਕੀਤੀ ਜਾ ਸਕਦੀ, ਇਸ ਨਾਲ ਬਹੁਤ ਵੱਧੀਆ ਗੱਲਬਾਤ ਸ਼ੁਰੂ ਹੁੰਦੀ ਹੈ! ਆਮਤੌਰ ਤੇ ਇੰਗਲੈਂਡ ਵਿੱਚ ਚਾਰ ਵੱਖ ਮੌਸਮ ਸੰਬੰਧੀ ਬਦਲਾਵ ਹੁੰਦੇ ਹਨ, ਹੇਠਾਂ ਇੱਕ ਵਰ੍ਹੇ ਦੌਰਾਨ ਹੋਣ ਵਾਲੇ ਮੌਸਮ ਸੰਬੰਧੀ ਲੱਛਣਾ ਦਾ ਸੰਕੇਤ ਦਿੱਤਾ ਗਿਆ ਹੈ।

| ਮੌਸਮ | ਵਰ੍ਹੇ ਦਾ ਸਮਾਂ | ਲੱਛਣ |
|---|---|---|
| ਬਸੰਤ | ਮਾਰਚ, ਅਪ੍ਰੈਲ, ਮਈ | ਤਾਪ ਹੌਲੀ-ਹੌਲੀ ਵੱਧਦਾ ਹੈ, ਸੂਰਜ ਦੀ ਕਿਰਣਾਂ ਦਿੱਸਣੀ ਸ਼ੁਰੂ ਹੋ ਜਾਂਦੀ ਹੈ ਅਤੇ ਦਿਨ ਹੋਰ ਸੁਹਾਵਣੇ ਹੋ ਜਾਂਦੇ ਹਨ। |

| ਮੌਸਮ | ਵਰ੍ਹੇ ਦਾ ਸਮਾਂ | ਲੱਛਣ |
|---|---|---|
| ਗਰਮੀ | ਜੂਨ, ਜੁਲਾਈ, ਅਗਸਤ | ਇਹ ਵਰ੍ਹੇ ਦਾ ਸਭ ਤੋਂ ਗਰਮ ਮੌਸਮ ਹੁੰਦਾ ਹੈ ਅਤੇ ਇੰਗਲੈਂਡ ਵਿੱਚ ਇਸ ਸਮੇਂ ਦਿਨ ਬਹੁਤ ਵੱਡੇ ਹੁੰਦੇ ਹਨ* |
| ਪਤਝੜ | ਸਿਤੰਬਰ, ਅਕਟੂਬਰ, ਨਵੰਬਰ | ਬਦਲਦਾ ਸਮਾਂ ਜਦੋਂ ਤਾਪ ਹੌਲੀ-ਹੌਲੀ ਘੱਟਦਾ ਹੈ ਅਤੇ ਇਸ ਮੌਸਮ ਵਿੱਚ ਵਾਰ-ਵਾਰ ਮੀਂਹ ਪੈਂਦਾ ਹੈ। |
| ਜਾੜਾ | ਦਿਸੰਬਰ, ਜਨਵਰੀ, ਫਰਵਰੀ | ਤਾਪ ਬਹੁਤ ਘੱਟ ਜਾਂਦਾ ਹੈ, ਇੱਥੇ ਬਰਫ਼ ਵੀ ਪੈ ਸਕਦੀ ਹੈ ਅਤੇ ਦਿਨ ਬਹੁਤ ਛੋਟੇ ਹੋ ਜਾਂਦੇ ਹਨ* |

*ਇੰਗਲੈਂਡ ਵਿੱਚ, ਸਾਡੇ ਕੋਲ 'ਡੇਲਾਈਟ ਸੇਵਿੰਗ ਟਾਈਮ' ਹੁੰਦਾ ਹੈ। ਮਾਰਚ ਵਿੱਚ ਅਖੀਰਲੇ ਐਤਵਾਰ ਨੂੰ ਅਸੀ ਆਪਣੀ ਘੜੀਆਂ ਨੂੰ ਇੱਕ ਘੰਟਾ ਅੱਗੇ ਕਰ ਦਿੰਦੇ ਹਾਂ। ਅਕਟੂਬਰ ਵਿੱਚ ਅਖੀਰਲੇ ਐਤਵਾਰ ਨੂੰ ਇਹਨਾਂ ਨੂੰ ਵਾਪਿਸ ਇੱਕ ਘੰਟੇ ਪਿੱਛੇ ਕਰ ਦਿੰਦੇ ਹਾਂ।

## ਡਾਕ ਖਾਨੇ ਕਿੱਥੇ ਲੱਭਣੇ ਹਨ

ਇੰਗਲੈਂਡ ਵਿੱਚ ਡਾਕ ਖਾਨੇ ਦੀਆਂ 10,000 ਤੋਂ ਵੱਧ ਸ਼ਾਖਾਵਾਂ ਹਨ। ਤੁਹਾਨੂੰ ਆਪਣੇ ਨਜ਼ਦੀਕੀ ਸ਼ਾਪਿੰਗ ਖ਼ੇਤਰ ਵਿੱਚ ਇੱਕ ਤਾਂ ਮਿਲ ਹੀ ਜਾਵੇਗੀ। ਡਾਕ ਖਾਨੇ ਬਤੇਰੀ ਸੇਵਾਵਾਂ ਮੁਹਈਆਂ ਕਰਾਉਂਦੇ ਹਨ:

- ਚਿੱਠੀ ਅਤੇ ਪਾਰਸਲ ਡਿਲੀਵਰੀ
- ਡਾਕ ਟਿਕਟਾਂ ਅਤੇ ਦੂਜੀ ਡਾਕ ਆਪੂਰਤੀਆਂ ਦੀ ਵਿਕ੍ਰੀ
- ਮੁਦਰਾ ਦੀ ਬਦਲੀ
- ਯਾਤਰਾ ਬੀਮਾ
- ਬਿਲ ਭਰਣਾ
- ਵਿਦੇਸ਼ਾਂ ਵਿੱਚ ਆਪਣੇ ਮਿੱਤਰਾਂ/ਰਿਸ਼ਤੇਦਾਰਾਂ ਨੂੰ ਸਿੱਧਾ ਰੁਪਏ ਭੇਜਣਾ

ਡਾਕ ਖਾਨੇ ਆਮਤੌਰ ਤੇ ਸੋਮਵਾਰ ਤੋਂ ਸ਼ੁਕਰਵਾਰ ਸਵੇਰੇ 9 ਵਜੇ ਤੋਂ ਸ਼ਾਮੀ 5 ਵਜੇ ਤੱਕ ਖੁੱਲ੍ਹੇ ਹੁੰਦੇ ਹਨ।

## ਰੁਪਏ/ਬੈਂਕਿੰਗ

### *ਮੁਦਰਾ*

ਏਂਗਲੈਂਡ ਵਿੱਚ ਮੁਦਰਾ ਦੀ ਈਕਾਈ ਪਾਉਂਡ ਸਟਰਲਿੰਗ ਹੈ (£). ਇੱਕ ਪਾਉਂਡ ਵਿੱਚ 100 ਪੇਂਸ (ਪੀ) ਹੁੰਦੇ ਹਨ।

### *ਬੈਂਕ/ਬਿਲਡਿੰਗ ਸੋਸਾਈਟੀ*

ਜਦੋਂ ਤੁਸੀ ਕੰਮ ਕਰਨ ਲਈ ਇੰਗਲੈਂਡ ਵਿੱਚ ਆਉਂਦੇ ਹੋ, ਸਭ ਤੋਂ ਪਹਿਲਾਂ ਤੁਹਾਨੂੰ ਇੱਕ ਬੈਂਕ ਜਾਂ ਬਿਲਡਿੰਗ ਸੋਸਾਈਟੀ ਅਕਾਉਂਟ ਖੁੱਲ੍ਹਵਾਉਣਾ ਚਾਹੀਦਾ ਹੈ। ਵੱਡੀ ਜਨਸੰਖਿਆ ਵਾਲੇ ਖ਼ੇਤਰਾਂ ਜਿਵੇਂ ਕਸਬੇ ਅਤੇ ਸ਼ਹਿਰ ਵਿੱਚ, ਤੁਹਾਨੂੰ ਬਤੇਰੇ ਬੈਂਕ ਅਤੇ ਬਿਲਡਿੰਗ ਸੋਸਾਈਟੀਆਂ ਦਾ ਪਤਾ ਕਰ ਸਕਦੇ ਹੋ। ਸਹੀ ਬੈਂਕ ਜਾਂ ਬਿਲਡਿੰਗ ਸੋਸਾਈਟੀ ਚੁਣਨਾ ਔਖਾ ਹੋ ਸਕਦਾ ਹੈ। ਇਹ ਮਹੱਤਵਪੂਰਨ ਹੈ ਕਿ ਤੁਸੀ ਉਹਨਾਂ ਤੇ ਉਪਲਬੱਧ ਅਕਾਉਂਟ ਬਾਰੇ ਗੱਲ ਕਰਨ ਲਈ ਦੋ-ਚਾਰ ਵਾਰ ਆਓ ਅਤੇ ਤੁਸੀ ਉਹ ਚੁਣੋ ਜੋ ਤੁਹਾਡੀ ਵਿਸ਼ੇਸ਼ ਲੋੜਾਂ ਦੇ ਨਾਲ ਮੇਲ ਖਾਂਦਾ ਹੈ। ਸੇਵਾਵਾਂ ਦੀ ਰੇਂਜ ਤੇ ਧਿਆਨ ਦਿਓ ਕਿ ਉਹ ਮੁਹਈਆ ਕਰਾਉਂਦੀ ਹਨ ਅਤੇ ਉਹਨਾਂ ਵਲੋਂ ਪੇਸ਼ ਬਿਆਜ ਦਰ।

### *ਬੈਂਕ ਅਕਾਉਂਟ*

ਬੈਂਕ ਜਾਂ ਬਿਲਡਿੰਗ ਸੋਸਾਈਟੀ ਅਕਾਉਂਟ ਖੋਲਣ ਲਈ ਤੁਹਾਨੂੰ ਤੁਹਾਡੇ ਇੰਗਲੈਂਡ ਦੇ ਪਤੇ ਦੇ ਸਬੂਤ, ਗੈਸ ਜਾਂ ਬਿਜਲੀ ਦੇ ਬਿਲ ਦੇ ਰੂਪ ਵਿੱਚ ਅਤੇ ਪਛਾਣ ਦਾ ਸਬੂਤ ਜਿਵੇਂ ਤੁਹਾਡਾ ਪਾਸਪੋਰਟ, ਡ੍ਰਾਈਵਿੰਗ ਲਾਇਸੇਂਸ ਅਤੇ ਆਈਡੀ ਕਾਰਡ ਦੀ ਲੋੜ ਹੋਵੇਗੀ। ਕੁਝ ਹੋਰ ਥਾਵਾਂ ਤੇ ਵੀ ਰੋਜਗਾਰ ਦਾ ਸਬੂਤ ਮੰਗਿਆ ਜਾ ਸਕਦਾ ਹੈ।

ਬੈਂਕ ਅਕਾਉਂਟ ਖੋਲਨਾ ਲੰਬੀ ਪ੍ਰਕ੍ਰਿਆ ਹੋ ਸਕਦੀ ਹੈ ਪਰ ਜਿਆਦਾਤਰ ਥਾਂਵਾਂ ਆਮ ਬੈਂਕ ਅਕਾਉਂਟ ਪੇਸ਼ ਕਰਦੀ ਹਨ ਤਾਂ ਜੋ ਤੁਹਾਡੀ ਮਜਦੂਰੀ ਅਤੇ ਦੂਜੇ ਰੁਪਏ ਦਾ ਭੁੱਗਤਾਨ ਇਸ ਵਿੱਚ ਕੀਤਾ ਜਾ ਸਕੇ।

ਇਸ ਤੋਂ ਪਹਿਲਾਂ ਕਿ ਤੁਸੀ ਬੈਂਕ ਜਾਂ ਬਿਲਡਿੰਗ ਸੋਸਾਈਟੀ ਅਕਾਊਂਟ ਖੋਲੋ ਤੁਹਾਨੂੰ ਕਿਸੇ ਸਲਾਹਕਾਰ ਨਾਲ ਬੁੱਕ ਕਰਕੇ ਮੁਲਾਕਾਤ ਪੱਕੀ ਕਰਨ ਦੀ ਲੋੜ ਹੋਵੇਗੀ, ਉਹ ਤੁਹਾਨੂੰ ਦੱਸ ਸਕਾਂਗੇ ਕਿ ਤੁਹਾਡੀ ਬੇਨਤੀ ਨੂੰ ਅੱਗੇ ਵੱਧਾਉਣ ਲਈ ਉਹਨਾਂ ਨੂੰ ਕਿਹੜੀ ਜਾਣਕਾਰੀ ਅਤੇ ਦਸਤਾਵੇਜਾਂ ਦੀ ਲੋੜ ਪਵੇਗੀ।

*ਚੈਕ ਬੁੱਕ*

ਇੱਕਵਾਰ ਤੁਹਾਡਾ ਅਕਾਊਂਟ ਖੁੱਲ੍ਹਣ ਦੇ ਬਾਦ, ਤੁਹਾਨੂੰ ਇੱਕ ਚੈਕਬੁੱਕ ਅਤੇ ਚੈਕ ਗਾਰੰਟੀ ਕਾਰਡ ਦਿੱਤਾ ਜਾਂਦਾ ਹੈ, ਤੁਸੀ ਇਹਨਾਂ ਨੂੰ ਆਪਣੇ ਬਿਲ ਭਰਣ ਲਈ ਵਰਤ ਸਕਦੇ ਹੋ। ਜਿਸ ਬੰਦੇ ਨੂੰ ਭੁੱਗਤਾਨ ਕਰਨ ਲਈ ਤੁਸੀ ਚੈਕ ਦਿੰਦੇ ਹੋ, ਅਤੇ ਕੁਝ ਦਿਨਾਂ ਬਾਦ ਰੁਪਏ ਤੁਹਾਡੇ ਅਕਾਊਂਟ ਤੋਂ ਨਿਕਲ ਕੇ ਉਸਦੇ ਅਕਾਊਂਟ ਵਿੱਚ ਚੱਲੀ ਜਾਦੀ ਹੈ। ਜੇਕਰ ਤੁਸੀ ਚੈਕ ਕੱਟਣ ਦੇ ਸਹੀ ਢੰਗ ਬਾਰੇ ਨਿਸ਼ਚਤ ਨਹੀਂ ਹੋ, ਆਪਣੇ ਬੈਂਕ ਜਾਂ ਬਿਲਡਿੰਗ ਸੋਸਾਈਟੀ ਨੂੰ ਪੁੱਛੋ, ਉਹਨਾਂ ਨੂੰ ਤੁਹਾਨੂੰ ਦੱਸਣ ਵਿੱਚ ਖੁਸ਼ੀ ਹੋਵੇਗੀ।

ਦੁਕਾਨਾ ਵਿੱਚ ਚੈਕਬੁੱਕ ਵਰਤਣ ਲਈ ਤੁਹਾਨੂੰ ਆਪਣਾ ਚੈਕ ਗਾਰੰਟੀ ਕਾਰਡ ਪੇਸ਼ ਕਰਨ ਦੀ ਲੋੜ ਹੋਵੇਗੀ। ਇਹ ਉਸ ਸੀਮਾ ਦਾ ਵੇਰਵਾ ਦਿੰਦਾ ਹੈ ਕਿ ਬੈਂਕ ਕਾਰਡ ਉੱਤੇ ਪ੍ਰਦਰਸ਼ਤ ਰਾਸ਼ੀ ਦੀ ਸੀਮਾ ਤੱਕ ਦਾ ਭੁੱਗਤਾਨ ਕਰ ਸਕਦਾ ਹੈ।

*ਪਲਾਸਟਿਕ ਕਾਰਡ*

ਆਪਣੇ ਬੈਂਕ ਜਾਂ ਬਿਲਡਿੰਗ ਸੋਸਾਈਟੀ ਦੇ ਨਾਲ ਭਰੋਸੇਜੋਗ ਸੰਬੰਧ ਬਣਾਉਣ ਦੇ ਬਾਦ, ਉਹ ਤੁਹਾਨੂੰ ਦੂਜਾ ਪਲਾਸਟਿਕ ਕਾਰਡ ਵੀ ਪੇਸ਼ ਕਰ ਸਕਦਾ ਹੈ:

- **ਕੈਸ਼ ਕਾਰਡ:** ਇਸ ਨਾਲ ਤੁਸੀ ਨਿਜੀ ਪਛਾਣ ਨੰਬਰ (ਪਿਨ ਨੰਬਰ) ਵਰਤਕੇ ਨਕਦ ਮਸ਼ੀਨਾਂ ਤੋਂ ਨਕਦ ਕੱਢਵਾ ਸਕਦੇ ਹੋ।
- **ਡੇਬਿਟ ਕਾਰਡ:** ਇਸ ਨਾਲ ਤੁਸੀ ਬਿਨਾ ਚੈਕ ਕੱਟੇ ਜਾਂ ਨਕਦ ਲੈ ਜਾਏ ਬਿਨਾ ਸਾਮਾਨ ਖਰੀਦ ਸਕਦੇ ਹੋ, ਇਸ ਕਾਰਡ ਉੱਤੇ ਖ਼ਰਚੇ ਗਏ ਰੁਪਏ ਆਪਣੇ ਆਪ ਤੁਹਾਡੇ ਅਕਾਊਂਟ ਤੋਂ ਨਿਕਲ ਜਾਂਦੇ ਹਨ। ਤੁਹਾਨੂੰ ਇਸ ਕਾਰਡ ਲਈ ਪਿਨ ਨੰਬਰ ਚੇਤੇ ਰੱਖਣ ਦੀ ਲੋੜ ਹੋਵੇਗੀ ਕਿਉਂਕਿ ਚੈਕਆਊਟ ਵੇਲੇ ਉਹ ਪਾਉਣ ਦੀ ਲੋੜ ਹੁੰਦੀ ਹੈ।
- **ਕ੍ਰੇਡਿਟ ਕਾਰਡ:** ਇਸ ਨਾਲ ਤੁਸੀ ਦੁਕਾਨਾਂ ਅਤੇ ਦੂਜੇ ਆਪੂਰਤੀਕਰਤਾਵਾਂ ਤੋਂ ਅਤੇ ਟੇਲਿਫ਼ੋਨ ਜਾਂ ਇੰਟਰਨੇਟ ਤੇ ਵੀ ਸਾਮਾਨ ਅਤੇ ਸੇਵਾਵਾਂ ਖਰੀਦ ਸਕਦੇ ਹੋ। ਤੁਹਾਡੇ ਵਲੋਂ ਖਰਚੇ ਗਏ ਰੁਪਏ ਸਿੱਧਾ ਤੁਹਾਡੇ ਅਕਾਊਂਟ ਤੋਂ ਨਹੀਂ ਲਏ ਜਾਂਦੇ, ਤੁਹਾਨੂੰ ਬਿਲ ਬਾਦ'ਚ ਮਿਲੇਗਾ। ਤੁਹਾਨੂੰ ਇਸ ਕਾਰਡ ਲਈ ਪਿਨ ਨੰਬਰ ਚੇਤੇ ਰੱਖਣ ਦੀ ਲੋੜ ਹੋਵੇਗੀ ਕਿਉਂਕਿ ਤੁਹਾਨੂੰ ਉਹ ਪਾਉਣ ਦੀ ਲੋੜ ਹੁੰਦੀ ਹੈ।

ਆਪਣੇ ਬੈਂਕ ਜਾਂ ਬਿਲਡਿੰਗ ਸੋਸਾਈਟੀ ਤੋਂ ਕ੍ਰੇਡਿਟ ਜਾਂ ਡੇਬਿਟ ਕਾਰਡ ਸਵੀਕਾਰ ਕਰਨ ਤੋਂ ਪਹਿਲਾਂ, ਤੁਹਾਨੂੰ ਗਲਤ ਵਰਤੋਂ ਬਾਰੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਨਿਜੀ ਸੁਰੱਖਿਆ ਖੰਡ ਆਪਣੇ ਕਾਰਡਾਂ ਨੂੰ ਸਰੱਖਿਅਤ ਰੱਖਣ ਬਾਰੇ ਸਲਾਹ ਦਿੰਦਾ ਹੈ।

*ਡਾਇਰੈਕਟ ਡੇਬਿਟ*

ਡ;ਇਰੈਕਟ ਡੇਬਿਟ ਉਹਨਾਂ ਕੰਪਨੀਆਂ ਨੂੰ ਨਿਯਮਿਤ ਭੁੱਗਤਾਨ ਕਰਨ ਦਾ ਤਰੀਕਾ ਹੈ ਜੋ ਤੁਹਾਨੂੰ ਲਗਾਤਾਰ ਸੇਵਾ ਮੁਹਈਆ ਕਰਾਉਂਦੀ ਹਨ ਜਿਵੇਂ ਟੇਲਿਫ਼ੋਨ, ਗੈਸ ਅਤੇ ਬਿਜਲੀ। ਡਾਇਰੈਕਟ ਡੇਬਿਟ ਫਾਰਮ ਭਰਕੇ ਅਤੇ ਉਸਨੂੰ ਬੈਂਕ ਵਿੱਚ ਦੇਕੇ, ਤੁਸੀ ਕਿਸੇ ਨੂੰ ਵੀ ਤੁਹਾਡੇ ਬੈਂਕ ਅਕਾਊਂਟ ਤੋਂ ਰੁਪਏ ਕੱਢਵਾਉਣ ਲਈ ਆਖਣ ਜੋਗ ਹੋ ਜਾਂਦੇ ਹੋ।

**ਟੀਵੀ ਲਾਇਸੇਂਸ**

ਜੇਕਰ ਤੁਹਾਡੇ ਕੋਲ ਆਪਣਾ ਜਾਂ ਕਿਰਾਏ ਦਾ ਟੇਲਿਵਿਜ਼ਨ ਸੇਟ ਹੈ ਤੇ ਕਾਨੂੰਨ ਮੁਤਾਬਕ ਤੁਹਾਨੂੰ ਟੀਵੀ ਲਾਇਸੇਂਸ ਖਰੀਦਣ ਦੀ ਲੋੜ ਹੈ। ਤੁਸੀਂ ਔਨ ਲਾਇਨ http://www.tvlicensing.co.uk ਤੋਂ ਜਾਂ UK ਵਿੱਚ 16,000 ਭੁਕਤਾਨ ਕਰਨ (Paypoint) ਦੇ ਅਸਥਾਨਾਂ ਤੋ ਟੀ ਵੀ ਲਸੰਸ ਖਰੀਦ ਜਾਂ ਫਿਰ ਨਵਾਂ ਕਰ ਸਕਦੇ ਹੋ। ਭੁਕਤਾਨ ਕਰਨ ਦੇ ਅਸਥਾਨ ਤੁਹਾਨੂੰ ਅਖਬਾਰ ਦੇ ਏਜੰਟਾਂ, ਸਹੂਲਤ ਸਟੋਰਾਂ, ਸੁਪਰਮਾਰਕੀਟਾਂ ਅਤੇ ਪੇਟਰੌਲ ਸਟੇਸ਼ਨਾਂ ਵਿੱਚ ਮਿਲਨਗੇ।

ਜੇਕਰ ਤੁਸੀ ਟੇਲਿਵਿਜ਼ਨ ਸੇਟ ਵਰਤ ਰਹੇ ਹੋ ਤੇ ਟੀਵੀ ਲਾਇਸੇਂਸ ਨਹੀ ਲੈਣਾ ਗੈਰ-ਕਾਨੂੰਨੀ ਹੈ। ਜੇਕਰ ਤੁਹਾਡੇ ਕੋਲ ਟੀਵੀ ਲਾਇਸੇਸ ਨਹੀਂ ਹੈ ਤੇ ਤੁਹਾਡੇ ਉੱਤੇ ਕਾਰਵਾਈ ਅਤੇ 1000 ਪਾਉਂਡ ਦਾ ਜੁਰਮਾਨਾ ਕੀਤਾ ਜਾ ਸਕਦਾ ਹੈ।

**ਜਨਤੱਕ ਲਾਇਬ੍ਰੇਰੀਆਂ**

ਇੰਗਲੈਂਡ ਵਿੱਚ ਜਿਆਦਾਤਰ ਵੱਡੇ ਕਸਬਿਆਂ ਅਤੇ ਸ਼ਹਿਰਾਂ ਵਿੱਚ ਤੁਹਾਨੂੰ ਇੱਕ ਜਨਤੱਕ ਲਾਇਬ੍ਰੇਰੀ ਮਿਲ ਜਾਵੇਗੀ। ਇਹ ਕਈ ਵੱਖ ਵੱਖ ਸੇਵਾਵਾਂ ਪੇਸ਼ ਕਰਦੀ ਹਨ ਜੋ ਤੁਹਾਡੇ ਲਈ ਉਪਯੋਗੀ ਹੋ ਸਕਦੀ ਹਨ। ਲਾਇਬ੍ਰੇਰੀ ਵਿੱਖੇ ਤੁਸੀ:

- ਕਿਤਾਬਾਂ, ਫਿਲਮਾਂ, ਸੰਗੀਤ ਸੀਡੀ ਅਤੇ ਔਡੀਓ ਸੀਡੀ'ਆਂ ਲੈ ਸਕਦੇ ਹੋ
- ਕੈਰਿਅਰ ਤੇ ਸਲਾਹ ਪ੍ਰਾਪਤ ਕਰ ਸਕਦੇ ਹ
- ਤੁਹਾਡੇ ਖ਼ੇਤਰ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹ

- ਪੁਰਾਣਾ ਅਤੇ ਨਵਾਂ ਅਖ਼ਬਾਰ ਪੜ ਸਕਦੇ ਹ
- ਮੁਫ਼ਤ ਵਿੱਚ ਇੰਟਰਨੇਟ ਐਕਸੇਸ ਕਰ ਸਕਦੇ ਹੋ।
- ਹਫ਼ਤਾਵਾਰ ਸਮਾਜਕ ਸਮੂਹਾਂ ਵਿੱਚ ਸ਼ਾਮਲ ਹੋ ਸਕਦੇ ਹੋ ਜਿਹਨਾਂ ਵਿੱਚ ਤੁਹਾਨੂੰ ਦਿਲਚਸਪੀ ਹੋਵੇ।

ਤੁਹਾਨੂੰ ਲਾਇਬ੍ਰੇਰੀ ਕਾਰਡ ਜਿਸ ਨਾਲ ਤੁਸੀ ਲਾਇਬ੍ਰੇਰੀ ਦੀ ਸੇਵਾਵਾਂ ਐਕਸੇਸ ਕਰ ਸਕੋਗੇ, ਪ੍ਰਾਪਤ ਕਰਨ ਲਈ ਆਪਣੀ ਸਥਾਨੱਕ ਲਾਇਬ੍ਰੇਰੀ ਨਾਲ ਪੰਜੀਕਰਣ ਕਰਨ ਦੀ ਲੋੜ ਹੋਵੇਗੀ।

## ਇੰਗਲੈਂਡ ਵਿੱਚ ਰਹਿਣਾ – ਬ੍ਰਿਟਿਸ਼ ਸੰਸਕ੍ਰਿਤੀ ਉੱਤੇ ਟਿਪ

ਭਰੋਸਾ/ਧਰਮ - ਪੂਰੇ ਯੂਰੋਪ ਵਿੱਚ ਇੰਗਲੈਂਡ ਵਿੱਚ ਧਾਰਮਕ ਰੂਪ ਤੋਂ ਸਭ ਤੋਂ ਵੱਧ ਵੱਖ-ਵੱਖ ਜਨਸੰਖਿਆਵਾਂ ਹਨ ਅਤੇ ਇੱਥੇ ਧਰਮ ਚੁਣਨ ਦੀ ਸੁਤੰਤਰਤਾ ਆਪਣਾਈ ਜਾਂਦੀ ਹੈ। ਸਮੁਦਾਏ ਅਤੇ ਏਕਲ ਬਿਨਾ ਕਿਸੇ ਬਾਧਾ ਦੇ ਆਪਣਾ ਧਰਮ ਨਿਭਾਉਣ ਲਈ ਸੁਤੰਤਰ ਹਨ ਅਤੇ ਉਹਨਾਂ ਨੂੰ ਖੁੱਲ੍ਹੇ ਢੰਗ ਨਾਲ ਮਨਾਉਣ ਲਈ ਪ੍ਰੇਰਤ ਕੀਤਾ ਜਾਂਦਾ ਹੈ।

ਇੰਗਲੈਂਡ ਵਿੱਚ ਕਿਸੇ ਨਾਲ ਵੀ ਉਸਦੇ ਭਰੋਸੇ/ਧਰਮ ਕਾਰਨ ਭੇਦਭਾਵ ਕਰਨਾ ਗੈਰ-ਕਾਨੂੰਨੀ ਹੈ; ਜੇਕਰ ਤੁਹਾਡੇ ਨਾਲ ਅਜਿਹਾ ਕੁਝ ਹੁੰਦਾ ਹੈ ਤਾਂ ਤੁਹਾਨੂੰ ਰਿਪੋਰਟ ਕਰਨੀ ਚਾਹੀਦੀ ਹੈ।

ਭੇਦਭਾਵ - ਇੰਗਲੈਂਡ ਵਿੱਚ ਲੋਕਾਂ ਨਾਲ ਉਹਨਾਂ ਦੇ ਰੰਗ, ਜਾਤੀ, ਨਸਲ ਜਾਂ ਰਾਸ਼ਟਰੀ ਮੂਲ, ਉਮਰ, ਲਿੰਗ ਜਾਂ ਲੈਂਗਿਕ ਸਥਿਤੀ ਦੇ ਕਾਰਨ ਭੇਦਭਾਵ ਕਰਨਾ ਗੈਰ-ਕਾਨੂੰਨੀ ਹੈ। ਜੇਕਰ ਤੁਹਾਡੇ ਨਾਲ ਇਹਨਾਂ ਚੋਂ ਕਿਸੇ ਵੀ ਕਾਰਣ ਭੇਦਭਾਵ ਹੁੰਦਾ ਹੈ ਤੇ ਤੁਹਾਨੂੰ ਉਸਦੀ ਰਿਪੋਰਟ ਕਰਨੀ ਚਾਹੀਦੀ ਹੈ।

ਜੇਕਰ ਤੁਹਾਨੂੰ ਕਿਸੇ ਨਾਲ ਭੇਦਭਾਵ ਕਰਦਿਆ ਫੜਿਆ ਗਿਆ ਤੇ ਤੁਹਾਡੇ ਉੱਤੇ ਕਾਰਵਾਈ ਕੀਤੀ ਜਾ ਸਕਦੀ ਹੈ।

ਸਿਗਰਟ ਪੀਣੀ - UK ਵਿੱਚ ਸਿਗਰਟ ਪੀਣੀ ਸਾਰਿਆਂ ਬੰਦ ਜਨਤਕ ਅਸਥਾਨਾਂ ਤੇ ਮਨ੍ਹਾ ਹੈ ਜਿਵੇਂ ਕਿ ਪੱਬਾਂ, ਰੇਸਤੋਰਾਂ, ਨਾਇਟਕਲੱਬਾਂ, ਦੁਕਾਨਾਂ, ਦਫ਼ਤਰਾਂ, ਸਰਕਾਰੀ ਇਮਾਰਤਾਂ, ਕਾਰਖਾਨਿਆਂ, ਨਿਜੀ ਮੈਂਬਰਾਂ ਦੇ ਕਲੱਬਾਂ ਵਿੱਚ, ਸਿਨੇਮਿਆਂ ਜਾਂ ਜਨਤਕ ਆਵਾਜਾਈ ਦੇ ਸਾਧਨਾਂ ਵਿੱਚ।

ਤੁਸੀ ਖੁੱਲੇ ਥਾਵਾਂ ਵਿੱਚ, ਘਰਾਂ, ਜਾਂ ਜੇਲਾਂ, ਦੇਖ-ਭਾਲ ਦੇ ਘਰ, ਅਤੇ ਹੋਟਲਾਂ ਦੇ ਨਿਸ਼ਚਿਤ ਕਿਤੇ ਕਮਰਿਆਂ ਵਿੱਚ ਸਿਗਰਟ ਪੀ ਸਕਦੇ ਹੋ। ਕੁਜ ਖੁੱਲੇ ਥਾਵਾਂ ਤੇ ਜਿਵੇ ਕਿ ਖੇਡ-ਕੁੱਦ ਦੇ ਮੈਦਾਨ ਅਤੇ ਰੇਲਵੇ ਪਲੇਟਫਾਰਮਾਂ ਤੇ ਸਿਗਰਟ ਪੀਣ ਦੀ ਮਨਾਹੀ ਹੋ ਸਕਦੀ ਹੈ।

ਜੇ ਕਰ ਤੁਸੀ ਇਹ ਨਿਸ਼ਚਿਤ ਨਹੀ ਕਰ ਸਕਦੇ ਕਿ ਕਿਸੇ ਅਸਥਾਨ ਤੇ ਸਿਗਰਟ ਪੀ ਸਕਦੇ ਹੋ ਜਾਂ ਨਹੀਂ ਤਾਂ ਸਾਇਨ ਲੱਭੋ ਜਾਂ ਸਿਗਰਟ ਜਲਾਣ ਤੋ ਪਹਿਲਾਂ ਕਿਸੇ ਤੋ ਪੁਛ ਲਵੋ।

ਜੇ ਤੁਸੀ ਸਿਗਰਟ ਪੀਂਦੇ ਫੜ ਲਏ ਜਾਂਦੇ ਹੋ ਤਾਂ ਤੁਹਾਨੂੰ ਐ 50 ਜੁਰਮਾਨਾ ਹੋ ਸਕਦਾ ਹੈ।

ਅਲਕੋਹਲ - ਇੰਗਲੈਂਡ ਵਿੱਚ ਕੁਝ ਜਨਤੱਕ ਖ਼ੇਤਰਾਂ ਵਿੱਚ ਅਲਕੋਹਲ ਪੀਣਾ ਗੈਰ-ਕਾਨੂੰਨੀ ਹੈ। ਜੇਕਰ ਤੁਹਾਨੂੰ ਅਜਿਹੇ ਜਨਤੱਕ ਖ਼ੇਤਰਾਂ ਜਿੱਥੇ ਪੀਣ ਦੀ ਆਗਿਆ ਨਾ ਹੋਵੇ, ਵਿੱਚ ਅਲਕੋਹਲ ਪੀਂਦੇ ਵੇਖਿਆ ਜਾਂਦਾ ਹੈ ਤੇ ਉਸਨੂੰ ਤੁਹਾਡੇ ਕੋਲੋਂ ਜਬਤ ਕਰ ਲਿਆ ਜਾਵੇਗਾ। ਬਹੁਤ ਵੱਧ ਪੀਣ ਨਾਲ ਜਨਤੱਕ ਆਦੇਸ਼ ਗੁਨਾਹ ਹੋ ਸਕਦਾ ਹੈ ਜਿਸ ਲਈ ਤੁਹਾਨੂੰ ਗ੍ਰਿਫ਼ਤਾਰ ਅਤੇ ਕਾਰਵਾਈ ਕੀਤੀ ਜਾ ਸਕਦੀ ਹੈ।

ਚੇਤੇ ਰੱਖੋ ਕਿ ਅਲਕੋਹਲ ਜਾਂ ਡ੍ਰਗਾਂ ਦੇ ਪ੍ਰਭਾਅ ਵਿੱਚ ਕੋਈ ਵੀ ਗੱਡੀ ਚੱਲਾਉਣਾ ਗੈਰ ਕਾਨੂੰਨੀ ਹੈ।

ਜਨਤੱਕ ਥਾਂ ਵਿੱਚ ਥੁੱਕਣਾ - ਭਾਵੇਂ ਜਨਤੱਕ ਥਾਂ ਤੇ ਥੁੱਕਣਾ ਗੈਰ-ਕਾਨੂੰਨੀ ਨਹੀਂ ਹੈ, ਕਈ ਲੋਕਾਂ ਨੂੰ ਇਹ ਗੁਨਾਹ ਲੱਗਦਾ ਹੈ। ਜੇਕਰ ਤੁਹਾਨੂੰ ਛਿੱਕਣ ਜਾਂ ਆਪਣੀ ਨੱਕ ਸਾਫ਼ ਕਰਨ ਦੀ ਲੋੜ ਹੈ, ਟਿਸ਼ੂ ਜਾਂ ਰੁਮਾਲ ਦੀ ਵਰਤੋਂ ਕਰੋ ਤਾਂ ਜੋ ਤੁਹਾਡੇ ਕੋਲੋਂ ਕੋਈ ਗੁਨਾਹ ਨਾ ਹੋਵੇ।

ਮੁਲਾਕਾਤਾਂ - ਬੈਠਕਾਂ ਅਤੇ ਮੁਲਾਕਾਤਾਂ ਵਿੱਚ ਸਮੇਂ ਸਿਰ ਆਉਣਾ ਮਹੱਤਵਪੂਰਨ ਹੈ। ਹਸਪਤਾਲਾਂ ਅਤੇ ਡਾਕਟਰ ਦੀ ਸਰਜਰੀ ਜਿਹੀ ਥਾਵਾਂ ਵਿੱਚ ਤੁਹਾਨੂੰ 10 ਮਿਨਟ ਪਹਿਲਾਂ ਆਉਣ ਦੀ ਸਲਾਹ ਦਿੱਤੀ ਜਾਂਦੀ ਹੈ, ਇਸ ਨਾਲ ਇੰਤਜਾਰ ਸਮਾਂ ਘੱਟ ਜਾਵੇਗਾ। ਜੇਕਰ ਤੁਹਾਨੂੰ ਪਤਾ ਹੈ ਕਿ ਤੁਸੀ ਦੇਰ ਨਾਲ ਜਾ ਰਹੇ ਜੋ ਜਾਂ ਬੈਠਕ ਜਾਂ ਮੁਲਾਕਾਤ ਵਿੱਚ ਹਾਜਰ ਨਹੀਂ ਹੋ ਪਾਓਗੇ, ਤੁਹਾਨੂੰ ਉਸ ਬੰਦੇ ਨੂੰ ਪਹਿਲਾਂ ਹੀ ਸੂਚਿਤ ਕਰ ਦੇਣਾ ਚਾਹੀਦਾ ਹੈ।

ਮਿੱਤਰਾਂ ਕੋਲ ਜਾਉਣਾ - ਜੇਕਰ ਤੁਹਾਨੂੰ ਕਿਸੇ ਦੇ ਘਰ ਭੋਜਨ ਲਈ ਸੱਦਿਆ ਜਾਂਦਾ ਹੈ, ਤੁਸੀ ਛੋਟਾ ਜਿਹਾ ਤੋਹਫ਼ਾ (ਜਿਵੇਂ ਫੁੱਲ, ਚੱਕਲੇਟ ਜਾਂ ਸ਼ਰਾਬ ਦੀ ਬੋਤਲ) ਲੈ ਜਾਣਾ ਚਾਹ ਸਕਦੇ ਹੋ ਜਾਂ ਤੁਸੀ ਬਦਲ ਵਿੱਚ ਉਹਨਾਂ ਨੂੰ ਵੀ ਆਪਣੈ ਘਰ ਬੁਲਾ ਸਕਦੇ ਹੋ। ਹਿੰਗਲੈਂਡ ਵਿੱਚਲੇ ਲੋਕਾਂ ਨੂੰ ਤੁਹਾਡੇ ਦੇਸ਼ ਬਾਰੇ ਸੁਣਨ ਵਿੱਚ ਦਿਲਚਸਪੀ ਹੋਵੇਗੀ, ਇਸ ਕਰਕੇ ਆਪਣੇ ਮਿੱਤਰਾਂ ਜਾਂ ਮੇਹਮਾਨਾਂ ਨੂੰ ਵਿਖਾਉਣ ਲਈ ਕੁਝ ਤਸਵੀਰਾਂ ਜਾਂ ਛੋਟੀ ਚੀਜ਼ਾਂ ਲਿਆ ਸਕਦੇ ਹੋ।

ਲੋਕਾਂ ਦੀ ਅਭਿਵਾਦਨ ਕਰਨਾ - ਇੰਗਲੈਂਡ ਵਿੱਚ ਕੋਈ ਚੀਜ਼ ਮੰਗਣ ਸਮੇਂ 'ਕਿਰਪਾ ਕਰਕੇ' ਬੋਲਣਾ ਅਤੇ ਕੋਈ ਚੀਜ਼ ਪ੍ਰਾਪਤ ਕਰਨ ਸਮੇਂ ਜਾਂ ਜੇਕਰ ਕੋਈ ਤੁਹਾਡੇ ਨਾਲ ਚੰਗਾ ਹੋਵੇ ਤਾਂ 'ਧੰਨਵਾਦ' ਬੋਲਣਾ ਸ਼ਿਸ਼ਟਾਚਾਰ ਹੁੰਦਾ ਹੈ। ਜੇਕਰ ਤੁਸੀ ਕਿਸੇਨਾਲ ਮਿਲਦੇ ਹੋ ਤੁਸੀ 'ਹੈਲੋ' ਆਖਦੇ ਹੋ ਜਾਂ ਜੇਕਰ ਤੁਸੀ ਓਪਚਾਰਕ ਅਭਿਵਾਦਨ ਕਰਨਾ ਚਾਹੁੰਦੇ ਹੋ ਤੇ ਤੁਸੀ ਹੱਥ ਮਿਲਾਉਂਦੇ ਹੋ। ਇੰਗਲੈਂਡ ਵਿੱਚ ਤੁਸੀ ਇਹ ਆਪਣੇ ਸੱਜੇ ਹੱਥ ਨਾਲ ਕਰਦੇ ਹੋ।

ਲਾਈਨਾਂ - ਬਸਾਂ, ਸੁਪਰਮਾਰਕੇਟ ਚੈਕ ਆਊਟ ਅਤੇ ਦੂਜੀ ਜਨਤੱਕ ਥਾਵਾਂ ਤੇ ਲਾਈਨਾਂ ਵਿੱਚ ਇੰਤਜਾਰ ਕਰੋ। ਜੇਕਰ ਤੁਸੀ ਨਹੀਂ ਕਰਦੇ ਲੋਕ ਪਰੇਸ਼ਾਨ ਹੁੰਦੇ ਹਨ ਅਤੇ ਸੋਚਦੇ ਹਨ ਕਿ ਤੁਸੀ ਗੁਸਤਾਖ ਹੋ।

ਸਮਾਜਕ ਸਰਗਰਮੀਆਂ - ਜੇਕਰ ਤੁਸੀ ਸਮਾਜਕ ਸਰਗਰਮੀਆਂ ਵਿੱਚ ਭਾਗ ਲੈਂਦੇ ਹੋ ਤੁਹਾਨੂੰ ਮਿੱਤਰ ਬਣਾਉਣ ਵਿੱਚ ਆਸਾਨੀ ਹੋਵੇਗੀ। ਤੁਸੀ ਇਹ ਪਤਾ ਕਰਨ ਲਈ ਆਪਣੇ ਸਥਾਨੱਕ ਸਮੁਦਾਏ ਕੇਂਦਰ ਵਿੱਚ ਜਾ ਸਕਦੇ ਹੋ ਕਿ ਉਹ ਕਿਹੜੀ ਸਮਾਜਕ ਸਰਗਰਮੀਆਂ ਦੀ ਵਿਵਸਥਾ ਕਰ ਸਕਦੇ ਹਨ। ਇੰਗਲੈਂਡ ਵਿੱਚਲੇ ਲੋਕਾਂ ਲਈ ਜਨਤੱਕ ਹਾਊਸ (ਪਬ) ਵਿੱਚ ਜਾਉਣਾ ਆਮ ਗੱਲ ਹੈ। ਪਬ ਗੈਰ-ਅਲਕੋਹਲਿਕ ਡ੍ਰਿੰਕ ਵੇਚਦੇ ਹਨ ਅਤੇ ਕਈਵਾਰ ਇੱਥੇ ਵਿਸ਼ੇਸ਼ ਸਮਾਰੋਹ ਹੁੰਦੇ ਹਨ ਜਿਹਨਾਂ ਵਿੱਚ ਤੁਸੀ ਵੀ ਸ਼ਾਮਲ ਹੋ ਸਕਦੇ ਹੋ।

ਚੇਤੇ ਰੱਖੋ, ਜੇਕਰ ਤੁਸੀ ਕਿਸੇ ਚੀਜ਼ ਵਿੱਚ ਭਾਗ ਲੈਣ ਬਾਰੇ ਆਰਾਮਦੇਯ ਮਹਿਸੂਸ ਨਾ ਕਰੋ। ਸਿਰਫ਼ ਨਾ ਆਖੋ, ਅਤੇ ਇਹ ਕੋਈ ਗੁਨਾਹ ਨਹੀਂ ਹੋਵੇਗਾ।



# ਰਿਹਾਇਸ਼

### ਇੱਕ ਨਜ਼ਰ

ਇੰਗਲੈਂਡ ਜਾਂਦੇ ਸਮੇਂ ਤੁਹਾਡੀ ਮੁੱਖ ਚਿੰਤਾਵਾਂ ਚੋਂ ਇੱਕ ਇਹ ਹੈ ਕਿ ਤੁਸੀ ਕਿੱਥੇ ਰਹੋਗੇ। ਜੇਕਰ ਤੁਹਾਡੇ ਨਿਓਜਕ ਵਲੋਂ ਰਿਹਾਇਸ਼ ਪ੍ਰਦਾਨ ਨਾ ਕੀਤੀ ਜਾਵੇ ਤੇ ਇੱਥੇ ਮੁਹਈਆ ਕਰਾਈ ਗਈ ਜਾਣਕਾਰੀ ਤੁਹਾਨੂੰ ਸਹੀ ਰਸਤੇ ਤੇ ਜਾਣ ਵਿੱਚ ਮਦਦ ਕਰੇਗੀ।

### ਕੀ ਤੁਸੀ ਇੰਗਲੈਂਡ ਵਿੱਚ ਰਹਿ ਸਕਦੇ ਹੋ?

ਤੁਹਾਨੂੰ ਆਪਣੀ ਆਵਾਸ ਸਥਿਤੀ ਜਾਂਚਣੀ ਚਾਹੀਦੀ ਹੈ ਕਿਉਂਕਿ ਸੰਭਵ ਹੈ ਕਿ ਤੁਹਾਨੂੰ ਇੰਗਲੈਂਡ ਵਿੱਚ ਰਹਿਣ ਦੀ ਆਗਿਆ ਨਾ ਹੋਵੇ। ਜੇਕਰ ਤੁਸੀ ਮੌਜੂਦਾ ਸਮੇਂ ਵਿੱਚ ਇੰਗਲੈਂਡ ਵਿੱਚ ਨਹੀਂ ਹੋ, ਤੁਹਾਨੂੰ ਆਪਣੀ ਸਭ ਤੋਂ ਨੇੜੇ ਦੀ ਬ੍ਰਿਟਿਸ਼ ਡਿਪਲੋਮੇਟਿਕ ਪੋਸਟ ਨਾਲ ਸੰਪਰਕ ਕਰਨਾ ਚਾਹੀਦਾ ਹੈ। ਤੁਹਾਨੂੰ ਇੰਗਲੈਂਡ ਵਿੱਚ ਰਹਿਣ ਅਤੇ ਘਰ ਦੇ ਸੰਬੰਧ ਵਿੱਚ ਆਪਣੇ ਘਰਾਂ ਬਾਰੇ ਵੇਰਵੇ ਵਾਰ ਸਲਾਹ ਦੇ ਦਿੱਤੀ ਜਾਵੇਗੀ।

### ਰਿਹਾਇਸ਼ ਦੇ ਪ੍ਰਕਾਰ

ਇੰਗਲੈਂਡ ਵਿੱਚ ਘਰ ਲੱਭਦੇ ਸਮੇਂ ਤੁਹਾਡੇ ਕੋਲ ਬਤੇਰੇ ਵਿਕਲਪ ਹੁੰਦੇ ਹਨ, ਪਰ ਇਹਨਾਂ ਚੋਂ ਕੁਝ ਮਹਿੰਗੇ ਹੋ ਸਕਦੇ ਹਨ। ਤੁਹਾਨੂੰ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਤੁਹਾਨੂੰ ਅਸਲ ਵਿੱਚ ਕਿਹਨਾ ਕੁ ਵਾਰਾ ਖਾ ਸਕਦਾ ਹੈ।

### ਮੇਹਮਾਨ ਘਰ/ਬੈਡ ਅਤੇ ਨਾਸ਼ਤਾ

ਇਹ ਆਮਤੌਰ ਤੇ ਮਹਿੰਗੇ ਹੁੰਦੇ ਹਨ ਅਤੇ ਛੋਟੀ ਮਿਆਦ ਲਈ ਰਹਿਣ ਲਈ ਆਦਰਸ਼ ਹੁੰਦੇ ਹਨ।

### ਨਿਜੀ ਮਕਾਨ ਮਾਲਕ

ਮੌਜੂਦ ਸੰਪਤੀਆਂ ਦੀ ਸੂਚੀਆਂ ਪ੍ਰਾਪਤ ਕਰਨ ਲਈ ਇਹ ਵੇਖੋ:

- ਸਥਾਨੱਕ ਅਖਬਾਰ
- ਸਮੁਦਾਇਕ ਖ਼ੇਤਰਾਂ ਵਿੱਚ ਨੋਟਿਸ ਬੋਰਡ
- ਸਥਾਨੱਕ ਦੁਕਾਨਾਂ
- ਡਾਕ ਦਫ਼ਤਰ
- ਕਿਰਾਏ ਦੇ ਘਰ ਦੇ ਏਜੰਟ

ਨਿਜੀ ਮਕਾਨ-ਮਾਲਕਾਂ ਨੂੰ ਸੰਦਰਭ, ਜਮਾ ਅਤੇ ਇੱਕ ਮਹੀਨੇ ਦਾ ਕਿਰਾਇਆ ਪੇਸ਼ਗੀ ਵਿੱਚ ਮੰਗ ਸਕਦਾ ਹੈ।

### ਆਪਣੇ ਨਿਓਜਕ ਨਾਲ ਰਹਿਣਾ

ਕੁਝ ਨਿਯੋਜਕ ਤੁਹਾਨੂੰ ਰਿਹਾਇਸ਼ ਪ੍ਰਦਾਨ ਕਰਦੇ ਹਨ, ਪਰ ਭਵਿੱਖ ਦੇ ਕਿਰਾਏ ਅਨੁਬੰਧ ਦੀ ਜਾਂਚ ਕਰ ਲੈਣਾ ਮਹੱਤਵਪੂਰਨ ਹੈ। ਜੇਕਰ ਤੁਸੀ ਇਸ ਅਨੁਬੰਧ ਦੀ ਸ਼ਰਤਾਂ ਦੀ ਪਾਲਣਾਂ ਨਹੀਂ ਕਰਦੇ ਤੁਹਾਨੂੰ ਆਪਣਾ ਘਰ ਖੋਣਾ ਪੈ ਸਕਦਾ ਹੈ।

## ਸਮਾਜਕ ਹਾਊਸਿੰਗ

ਜੇਕਰ ਤੁਹਾਨੂੰ ਖੁਲ੍ਹੇ ਬਾਜ਼ਾਰ ਤੋਂ ਘਰ ਕਿਰਾਏ ਤੇ ਲੈਣਾ ਜਾਂ ਖਰੀਦਣਾ ਵਾਰਾ ਨਹੀਂ ਖਾਂਦਾ ਤੇ ਤੁਸੀ ਪੰਜੀਕ੍ਰਿਤ ਸਮਾਜਕ ਮਕਾਨ-ਮਾਲਕਾਂ ਵਲੋਂ ਪ੍ਰਦਾਨ ਕੀਤੀ ਗਈ ਸਮਾਜਕ ਹਾਊਸਿੰਗ ਦੇ ਹੱਕਦਾਰ ਹੋ ਸਕਦੇ ਹੋ। ਇਸ ਲਈ ਨਿਵੇਦਨ ਕਰਨ ਤੋਂ ਪਹਿਲਾਂ ਤੁਹਾਨੂੰ ਆਪਣੀ ਆਵਾਸ ਸਥਿਤੀ ਜਾਂਚਣੀ ਚਾਹੀਦੀ ਹੈ ਕਿਉਂਕਿ ਸੰਭਵ ਹੈ ਕਿ ਤੁਸੀ ਇਸਦੇ ਜੋਗ ਨਾ ਹੋਵੋ।

## ਸੰਪਤੀ ਖਰੀਦਣਾ

ਆਪਣੇ ਬੈਂਕ ਜਾਂ ਭਵਨ ਸਮਾਜ ਨਾਲ ਸੰਪਤੀ ਖਰੀਦਣ ਦੀ ਆਪਣੀ ਯੋਜਨਾ ਉੱਤੇ ਵਿਚਾਰ ਕਰਨਾ ਚੰਗਾ ਵਿਚਾਰ ਹੈ। ਉਹ ਤੁਹਾਨੂੰ ਉਸ ਰਾਸ਼ੀ ਜੋ ਉਹ ਤੁਹਾਨੂੰ ਉਧਾਰ (ਗਿਰਵੀ) ਦੇਣ ਲਈ ਤਿਆਰ ਹਨ ਅਤੇ ਉਸ ਰਾਸ਼ੀ ਨੂੰ ਮੋੜਨ ਦੇ ਢੰਗ ਬਾਰੇ ਸੰਕੇਤ ਦੇਣ ਜੋਗ ਹੋਵਾਂਗੇ।

## ਬੇਘਰ ਹੋਣਾ

ਜੇਕਰ ਤੁਹਾਨੂੰ ਘਰ ਲੱਭਣ ਵਿੱਚ ਪਰੇਸ਼ਾਨੀ ਹੈ ਤੇ ਇਹ ਮਹੱਤਵਪੂਰਨ ਹੈ ਕਿ ਤੁਸੀ ਆਪਣੀ ਸਥਾਨੱਕ ਕੌਂਸਲ ਨੂੰ ਛੇਤੀ ਤੋਂ ਛੇਤੀ ਇਸ ਬਾਰੇ ਜਾਣੂ ਕਰਵਾਓ। ਉਹ ਤੁਹਾਨੂੰ ਬੇਘਰੀ ਤੋਂ ਬੱਚਾਉਣ ਲਈ ਵਚਨਬੱਧ ਹਨ ਅਤੇ ਉਹ ਤੁਹਾਡੀ ਮਦਦ ਲਈ ਜੋ ਕਰ ਸਕਾਂਗੇ, ਕਰਾਂਗੇ। ਜਿਹਨੀ ਛੇਤੀ ਤੁਸੀ ਪਰੇਸ਼ਾਨੀ ਬਾਰੇ ਗੱਲ ਕਰੋਗੇ, ਉਹਨੀ ਹੀ ਛੇਤੀ ਅਤੇ ਤੇਜ਼ੀ ਨਾਲ ਉਹ ਹਲ ਹੋ ਸਕਦੀ ਹੈ ਕਿਉਂਕਿ ਜਿਆਦਾਤਰ ਮਾਮਲਿਆਂ ਵਿੱਚ ਬੇਘਰੀ ਤੋਂ ਬੱਚਿਆ ਜਾ ਸਕਦਾ ਹੈ।

'ਸ਼ੈਲਟਰ' ਇੱਕ ਮੁਫਤ ਹੈਲਪਲਾਈਨ ਹੈ ਜੋ ਇੰਗਲੈਂਡ ਵਿੱਚ ਘਰੇਲੂ ਪਰੇਸ਼ਾਨੀ ਨਾਲ ਰਹਿਣ ਵਾਲੇ ਕਿਸੇ ਵੀ ਬੰਦੇ ਨੂੰ ਸਲਾਹ ਦਿੰਦੀ ਹੈ। ਉਹਨਾਂ ਨਾਲ ਸੰਪਰਕ ਕਰਨ ਲਈ 0808 800 4444 ਤੇ ਕੱਲ ਕਰੋ ਜਾਂ http://england.shelter.org.uk/professional_resources/childrens_service/childrens_service_advice_line/essential_links/housing_advice_helpline ਤੇ ਜਾਓ

ਬੇਘਰ ਹੋਣ ਤੱਕ ਉਡੀਕ ਨਾ ਕਰੋ, ਉਸ ਤੋਂ ਪਹਿਲਾਂ ਹੀ ਮਦਦ ਲੱਭੋ।

ਤੁਹਾਡੇ ਸਥਾਨੱਕ ਕੌਂਸਲ ਦਫ਼ਤਰ ਵਿੱਖੇ ਹਾਊਸਿੰਗ ਸੇਵਾਵਾਂ ਯੂਨਿਟ ਤੁਹਾਨੂੰ ਤੁਹਾਡੀ ਹਾਊਸਿੰਗ ਪਰੇਸ਼ਾਨੀਆਂ ਦੇ ਸੰਬੰਧ ਵਿੱਚ ਸਲਾਹ ਅਤੇ ਮਦਦ ਮੁਹਈਆ ਕਰਾ ਸਕਦੀ ਹੈ।



# ਇੰਗਲੈਂਡ ਵਿੱਚ ਕੰਮ ਕਰਨਾ

### ਇੱਕ ਨਜ਼ਰ

ਹੇਠ ਲਿੱਖਿਆ ਖੰਡ ਤੁਹਾਨੂੰ ਇੰਗਲੈਂਡ ਵਿੱਚ ਕੰਮ ਕਰਨ ਬਾਰੇ ਕੁਝ ਮੂਲ ਜਾਣਕਾਰੀ ਮੁਹਈਆ ਕਰਾਉਂਦਾ ਹੈ।

### ਰਾਸ਼ਟਰੀ ਬੀਮਾ ਨੰਬਰ

ਹਰ ਕੋਈ ਜੋ ਇੰਗਲੈਂਡ ਵਿੱਚ ਕੰਮ ਕਰਨਾ ਚਾਹੁੰਦਾ ਹੈ, ਨੂੰ ਰਾਸ਼ਟਰੀ ਬੀਮਾ (ਐਨਆਈ) ਨੰਬਰ ਲਈ ਨਿਵੇਦਨ ਕਰਨਾ ਜਰੂਰੀ ਹੈ, ਇਸ ਵਿੱਚ ਵਿਦੇਸ਼ੀ ਨਾਗਰਕ ਵੀ ਸ਼ਾਮਲ ਹਨ। ਨਿਵੇਦਲ ਕਰਨ ਲਈ, ਤੁਸੀ ਜਾਂ ਤੁਹਾਡਾ ਨਿਯੋਜਕ ਤੁਹਾਡੇ ਖ਼ੇਤਰ ਵਿੱਚ ਜਾੱਬਸੇਂਟਰ ਪਲੱਸ ਦਫ਼ਤਰ ਵਿੱਚ ਟੇਲਿਫ਼ੋਨ ਕਰ ਸਕਦਾ ਹੈ, ਜੋ ਤੁਹਾਡਾ ਵੇਰਵਾ ਪੱਛੇਗਾ ਅਤੇ ਇੰਟਰਵਿਊ ਲਈ ਉਚਿਤ ਸਮੇਂ ਦੀ ਵਿਵਸਥਾ ਕਰੇਗਾ।

### ਮਜ਼ਦੂਰ ਪੰਜੀਕਰਣ ਯੋਜਨਾ

ਸ਼ੁਰੂਆਤੀ ਕੰਮ ਦੇ ਪਹਿਲੇ ਮਹੀਨੇ ਵਿੱਚਕਾਰ ਤੁਹਾਨੂੰ 'ਮਜ਼ਦੂਰ ਪੰਜੀਕਰਣ ਯੋਜਨਾ' ਨਾਲ ਪੰਜੀਕਰਣ ਕਰਨ ਦੀ ਲੋੜ ਹੋਵੇਗੀ ਜੇ ਤੁਸੀਂ ਅੱਗੇ ਦਿੱਤੇ ਦੇਸ਼ਾਂ ਵਿੱਚੋਂ ਕਿਸੇ ਇੱਕ ਦੇਸ਼ ਦੇ ਨਾਗਰਿਕ ਹੋ: ਚੈੱਕ ਗਣਰਾਜ, ਐਸਤੋਨੀਆ, ਹੰਗਰੀ, ਲਾਤਵੀਆ, ਲਿਥੁਆਨੀਆ, ਪੋਲੈਂਡ, ਸਲੋਵਾਕੀਆ ਅਤੇ ਸਲੋਵੇਨੀਆ। ਤੁਹਾਨੂੰ ਆਪਣੇ ਨਾਂ, ਪਤਾ, ਜਨਮ ਮਿਤੀ ਅਤੇ ਰੋਜਗਾਰ ਵੇਰਵਾ ਦੇਣ ਦੀ ਲੋੜ ਹੋਵੇਗੀ।

ਪੰਜੀਕਰਣ ਦਾ ਮੁੱਲ 90 ਪਾਉਂਡ ਹੈ ਅਤੇ ਤੁਹਾਨੂੰ ਇਸਦਾ ਐਡਵਾਂਸ ਵਿੱਚ ਭੁੱਗਤਾਨ ਕਰਨਾ ਪਵੇਗਾ। ਜਦੋਂ ਤੁਹਾਡੀ ਅਰਜ਼ੀ ਮੰਜ਼ੂਰ ਕੀਤੀ ਜਾਂਦੀ ਹੈ ਤੁਸੀ ਪੰਜੀਕਰਣ ਕਾਰਡ ਅਤੇ ਪ੍ਰਮਾਣ ਪੱਤਰ ਪ੍ਰਾਪਤ ਕਰੋਗੇ।

ਜੇਕਰ ਤੁਸੀ ਪਹਿਲੇ ਮਹੀਨੇ ਵਿੱਚ ਪੰਜੀਕਰਣ ਨਹੀਂ ਕਰਦੇ, ਇੰਗਲੈਂਡ ਵਿੱਚ ਕੰਮ ਕਰਨਾ ਗੈਰ-ਕਾਨੂੰਨੀ ਹੈ।

### ਵਰਕ ਪਰਮਿਟ ਅਤੇ ਐਕਸੈਸ਼ਨ ਵਰਕਰ ਕਾਰਡ

ਜੇ ਤੁਸੀਂ ਬੁਲਗਾਰੀਆਂ ਜਾਂ ਰੋਮਾਨੀਆ ਤੋਂ ਹੋ ਅਤੇ ਯੂਕੇ ਵਿੱਚ ਕੰਮ ਕਰਨਾ ਚਾਹੁੰਦੇ ਹੋ, ਤਾਂ ਜਿਸ ਕੰਪਨੀ ਲਈ ਤੁਸੀਂ ਕੰਮ ਕਰਨਾ ਚਾਹੁੰਦੇ ਹੋ, ਉਸ ਨੂੰ ਤੁਹਾਨੂੰ ਨਿਯੁਕਤ ਕਰਨ ਲਈ ਵਰਕ ਪਰਮਿਟ ਲਈ ਅਰਜ਼ੀ ਦੇਣ ਦੀ ਲੋੜ ਪਏਗੀ। ਜਦੋਂ ਯੂਕੇ ਰੁਜ਼ਗਾਰਦਾਤਾ ਨੂੰ ਪ੍ਰਵਾਨਗੀ ਦੀ ਚਿੱਠੀ ਮਿਲ ਜਾਵੇਗੀ ਤਾਂ ਲਾਜ਼ਮੀ ਹੈ ਕਿ ਤੁਸੀਂ ਐਕਸੈਸ਼ਨ ਵਰਕਰ ਕਾਰਡ (Accession Worker Card) ਲਈ ਅਰਜ਼ੀ ਭਰੋ। ਜਿਵੇਂ ਹੀ ਇਹ ਕਾਰਡ ਤੁਹਾਡੇ ਕੋਲ ਪਹੁੰਚ ਜਾਵੇਗਾ ਤੁਸੀਂ ਆਪਣੇ ਯੂਕੇ ਰੁਜ਼ਗਾਰਦਾਤਾ ਲਈ ਕੰਮ ਕਰਨਾ ਸ਼ੁਰੂ ਕਰ ਸਕਦੇ ਹੋ।

ਜੇ ਤੁਸੀਂ ਨੌਕਰੀਆਂ ਬਦਲਣੀਆਂ ਚਾਹੋ ਤਾਂ ਤੁਹਾਨੂੰ ਨਵੇਂ ਐਕਸੈਸ਼ਨ ਵਰਕਰ ਕਾਰਡ ਲਈ ਅਰਜ਼ੀ ਦੇਣੀ ਪਏਗੀ ਕਿਉਂਕਿ ਇਹ ਕਾਰਡ ਕਿਸੇ ਖਾਸ ਨੌਕਰੀ ਲਈ ਹੀ ਜਾਰੀ ਕੀਤਾ ਜਾਂਦਾ ਹੈ। ਨਿਰੰਤਰ ਰੁਜ਼ਗਾਰ ਦੇ 12 ਮਹੀਨਿਆਂ ਮਗਰੋਂ ਤੁਹਾਨੂੰ ਮੁਕੰਮਲ EU ਵਰਕਰ ਦੇ ਅਧਿਕਾਰ ਮਿਲਣਗੇ।

ਵਧੇਰੇ ਜਾਣਕਾਰੀ ਲਈ ਜਾਂ ਅਰਜ਼ੀ ਫ਼ਾਰਮ ਪ੍ਰਾਪਤ ਕਰਨ ਲਈ http://www.ukba.homeoffice.gov.uk/workingintheuk/eea/bulgariaromania/applying ਤੇ ਜਾਓ।

## ਕੰਮ ਲੱਭਣਾ

ਇੱਥੇ ਬਤੇਰੇ ਤਰੀਕੇ ਹਨ ਜਿਹਨਾਂ ਨਾਲ ਤੁਸੀ ਆਪਣੇ ਖ਼ੇਤਰ ਵਿੱਚ ਨੌਕਰੀ ਲੱਭ ਸਕਦੇ ਹੋ:

- ਜੱਾਬਸੀਕਰ ਡਾਇਰੈਕਟ ਹੈਲਪਲਾਈਨ ਕੰਮ ਲੱਭ ਰਹੇ ਹਰ ਇੱਕ ਬੰਦੇ ਲਈ ਇੱਕ ਟੇਲਿਫ਼ੋਨ ਸੇਵਾ ਹੈ। ਨੰਬਰ 0845 6060234 ਹੈ ਅਤੇ ਹਫ਼ਤੇ ਦੇ ਦਿਨਾਂ 'ਚ ਸਵੇਰੇ 8 ਵਜੇ ਤੋਂ ਸ਼ਾਮੀ 6 ਵਜੇ ਤੱਕ ਅਤੇ ਸ਼ਨਿਚਰਵਾਰ ਨੂੰ ਸਵੇਰੇ 9 ਵਜੇ ਤੋਂ ਦੋਪਹਿਰੀ 1 ਵਜੇ ਤੱਕ ਖੁੱਲ੍ਹਦੀ ਹੈ। ਸਾਰੀ ਕੱਾਲਾਂ ਦਾ ਸ਼ੁਲਕ ਸਥਾਨੱਕ ਦਰਾਂ ਤੇ ਲਿੱਤਾ ਜਾਵੇਗਾ।

- ਇੰਟਰਨੇਟ ਵੈਬਸਾਈਟਾਂ ਵਿੱਚ ਜੱਾਬਸੇਂਟਰ ਪਲੱਸ ਵੈਬਸਾਈਟ ਸ਼ਾਮਲ ਹੈ (http://www.jobcentreplus.gov.uk/)
- ਭਰਤੀ ਏਜੰਸੀਆਂ
- ਅਖਬਾਰ ਵਿੱਚ ਮਸ਼ਹੂਰੀ
- ਸ਼ੱਾਪ ਵਿੰਡੋ ਵਿੱਚ ਮਸ਼ਹੂਰੀਆਂ

## ਜੱਾਬਸੇਂਟਰ ਪਲੱਸ

ਜੱਾਬਸੇਂਟਰ ਪਲੱਸ, ਕੰਮ ਅਤੇ ਪੇਂਸ਼ਨ ਵਿਭਾਗ ਦਾ ਭਾਗ ਹੈ ਅਤੇ ਕੰਮ ਦੀ ਉਮਰ ਦੇ ਲੋਕਾਂ ਦੀ ਰੋਜ਼ਗਾਰ ਤੇ ਲਾਭਾਂ ਨਾਲ ਮਦਦ ਕਰਦਾ ਹੈ। ਇੰਗਲੈਂਡ ਵਿੱਚ ਕਾਨੂੰਨੀ ਕੰਮ ਦੀ ਉਮਰ 16 - 65 ਵਰ੍ਹੇ ਹੈ।

ਇੱਥੇ ਜੱਾਬਸੇਂਟਰ ਦੀ ਸੇਵਾਵਾਂ ਅਤੇ ਉਹ ਕਿੱਥੇ ਉਪਲਬਧ ਹਨ ਦੀ ਸੂਚੀ ਹੈ:

- **ਜੱਾਬਸੇਂਟਰ ਪਲੱਸ ਔਨਲਾਈਨ:** ਦੁਨੀਆ ਵਿੱਚ ਨੌਕਰੀਆਂ ਦਾ ਸਭ ਤੋਂ ਵੱਡਾ ਬੈਂਕ ਜੋ 400,000 ਤੋਂ ਵੱਧ ਨੌਕਰੀਆਂ ਐਕਸੇਸ ਕਰਦਾ ਹੈ। ਇਸਦੇ ਬਾਰੇ ਜਾਨਕਾਰੀ ਲਈ ਇੱਥੇ ਜਾਓ http://www.jobcentreplus.gov.uk/
- **ਜੱਾਬਸੇਂਟਰ ਪਲੱਸ ਦਫ਼ਤਰ:** ਇੱਥੇ ਤੁਸੀ ਆਪਣੇ ਖ਼ੇਤਰ ਵਿੱਚ ਨੌਕਰੀਆਂ ਦੀ ਅੱਪ-ਟੂ-ਡੇਟ ਸੂਚੀ ਵੇਖ ਸਕਦੇ ਹੋ, ਤੁਸੀ ਕਿਸੇ ਵਿਸ਼ੇਸ਼ ਕੰਮ ਲਈ ਵੇਰਵੇ ਵਾਰ ਖੋਜ ਕਰ ਸਕਦੇ ਹੋ ਅਤੇ ਤੁਸੀ ਕਿਸੇ ਸਲਾਹਕਾਰ ਨਾਲ ਸਿੱਧੇ ਵੀ ਗੱਲ ਕਰ ਸਕਦੇ ਹੋ।
- **ਜੱਾਬਸੀਕਰ ਡਾਇਰੈਕਟ ਹੈਲਪਲਾਈਨ:** ਇਹ ਹੈਲਪਲਾਈਨ ਕੈਰੀਅਰ ਸਲਾਹ ਅਤੇ ਉਸ ਖ਼ੇਤਰ ਵਿੱਚ ਨੌਕਰੀ ਦੀ ਖਾਲੀ ਥਾਂਵਾਂ ਪੇਸ਼ ਕਰਦੀ ਹੈ ਜਿੱਥੇ ਤੁਸੀ ਰਹਿੰਦੇ ਹੋ ਅਤੇ ਜਿਸ ਪ੍ਰਕਾਰ ਦਾ ਕੰਮ ਤੁਸੀ ਕਰਨਾ ਚਾਹੁੰਦੇ ਹੋ। ਇਹ 0845 6060234 ਤੇ ਕੱਾਲ ਕਰਕੇ ਉਪਲਬੱਧ ਹੈ।

## ਜੋਗਤਾ

ਜੋਗਤਾ ਜੋ ਤੁਸੀ ਇੰਗਲੈਂਡ ਤੋਂ ਬਾਹਰ ਪ੍ਰਾਪਤ ਕੀਤੀ ਹੈ, ਸੰਭਵ ਹੈ ਕਿ ਇਸ ਦੇਸ਼ ਵਿੱਚ ਮਾਨਤਾ ਪ੍ਰਾਪਤ ਨਾ ਹੋਵੇ। ਇਹਨਾਂ ਜੋਗਤਾਵਾਂ ਦੀ ਬ੍ਰਿਟਿਸ਼ ਨਾਲ ਤੁਲਨਾ ਕਰਨ ਲਈ ਤੁਸੀ ਰਾਸ਼ਟਰੀ ਅਕਾਦਮੀ ਮਾਨਤਾ ਜਾਨਕਾਰੀ ਸੇਂਟਰ ਨਾਲ ਸੰਪਰਕ ਕਰ ਸਕਦੇ ਹੋ। ਤੁਹਾਨੂੰ ਅੰਗ੍ਰੇਜ਼ੀ ਅਨੁਵਾਦਨਾਂ ਨਾਲ ਆਪਣੀ ਜੋਗਤਾਵਾਂ ਦੇ ਸਬੂਤ ਭੇਜਣ ਦੀ ਲੋੜ ਹੋਵੇਗੀ। ਹਾਂਲਾਂਕਿ ਆਮ ਸਲਾਹ ਮੁਫ਼ਤ ਹੈ, ਜੇਕਰ ਤੁਹਾਨੂੰ ਇੱਕਲਾ ਨਿਰਧਾਰਣ ਅਤੇ ਤੁਹਾਨੂੰ ਜੋਗਤਾਵਾਂ ਲਈ ਤੁਲਨਾ ਦਾ ਪੱਤਰ ਚਾਹੁੰਦੇ ਹੋ ਤੇ ਉਸਦਾ ਸ਼ੁਲਕ ਲੱਗੇਗਾ।

## ਕੰਮ ਤੇ ਤੁਹਾਡੇ ਹੱਕ

ਜੇਕਰ ਤੁਸੀ ਹਫ਼ਤੇ ਵਿੱਚ ਅੱਠ ਘੰਟੇ ਜਾਂ ਵੱਧ ਲਈ ਇੱਕ ਪਦ ਵਿੱਚ ਕੰਮ ਕਰਦੇ ਹੋ ਜੋ ਇੱਕ ਮਹੀਨੇ ਤੋਂ ਵੱਧ ਤੱਕ ਰਹਿੰਦੀ ਹੈ, ਤੇ ਕਾਨੂੰਨ ਮੁਤਾਬਕ ਤੁਹਾਡੇ ਨਿਯੋਜਕ ਨੂੰ ਲਿੱਖਤ ਕਾਯਦਿਆਂ ਅਤੇ ਸ਼ਰਤਾਂ ਦੇ ਨਾਲ ਰੋਜ਼ਗਾਰ ਦਾ ਅਨੁਬੰਧ ਜਾਰੀ ਕਰਨਾ ਪਵੇਗਾ।

ਤੁਸੀ ਰੋਜ਼ਗਾਰ ਦੇ ਆਪਣੇ ਕਾਯਦਿਆਂ ਅਤੇ ਸ਼ਰਤਾਂ ਨੂੰ ਵੱਖ ਵੱਖ ਥਾਂਵਾਂ ਵਿੱਚ ਲਿੱਖੀ ਹੋਈ ਵੇਖ ਸਕਦੇ ਹੋ, ਮਿਸਾਲ ਵਜੋਂ ਤੁਹਾਡੇ ਰੋਜ਼ਗਾਰ ਪੱਤਰ, ਤੁਹਾਡੇ ਨੌਕਰੀ ਵੇਰਵੇ ਜਾਂ ਵਪਾਰ ਯੂਨਿਯਨ ਅਨੁਬੰਧ ਵਿੱਚ। ਤੁਹਾਡੇ ਲਈ ਉਹਨਾਂ ਪੱਤਰਾਂ ਅਤੇ ਕਾਗ਼ਜਾਂ ਨੂੰ ਸੁਰੱਖਿਅਤ ਥਾਂ ਤੇ ਰੱਖਣਾ ਮਹੱਤਵਪੂਰਨ ਹੈ ਜੋ ਤੁਹਾਨੂੰ ਤੁਹਾਡੇ ਨਿਯੋਜਕ ਵਲੋਂ ਦਿੱਤੇ ਗਏ ਹਨ।

ਤੁਹਾਡੇ ਹੱਕਾਂ ਅਤੇ ਤੁਹਾਡੇ ਨਿਯੋਜਕ ਦੇ ਹੱਕਾਂ ਉੱਤੇ ਕਿਸੇ ਅਨੁਬੰਧ ਨਾਲ ਪ੍ਰਭਾਵ ਪਵੇਗਾ ਜੋ ਵਪਾਰ ਯੂਨਿਯਨ ਨਿਯੋਜਕ ਨਾਲ ਅਤੇ ਇੰਗਲੈਂਡ ਦੇ ਕਾਨੂੰਨ ਜਿਵੇਂ ਸੇਹਤ ਅਤੇ ਸੁਰੱਖਿਆ, ਭੁੱਗਤਾਨ, ਜਾਤੀ, ਅਜੋਗਤਾ ਅਤੇ ਲਿੰਗੀ ਭੇਦਭਾਵ ਰਾਹੀਂ ਬਣਾਉਂਦੀ ਹੈ।

ਜੇਕਰ ਤੁਹਾਡਾ ਕਿਸੇ ਨਿਯੋਜਕ ਲਈ ਕੰਮ ਕਰਨ ਦਾ ਇਰਾਦਾ ਹੈ ਜੋ ਹਫ਼ਤੇ ਵਿੱਚ ਅੱਠ ਘੰਟੇ ਤੋਂ ਘੱਟ ਹੈ ਅਤੇ ਅਨੁਬੰਧ ਨਹੀਂ ਦਿੱਤਾ ਗਿਆ ਹੈ ਤਾਂ ਵੀ ਇੰਗਲੈਂਡ ਕਾਨੂੰਨ ਵਿੱਚਕਾਰ ਤੁਹਾਡੇ ਹੱਕ ਹਨ।

## ਪਿੱਤਰਤਵ ਛੁੱਟੀ

ਜੇ ਤੁਸੀਂ ਇਕ ਕਰਮਚਾਰੀ ਹੋ ਅਤੇ ਤੁਹਾਡੀ ਸਾਥਣ ਗਰਭਵਤੀ ਤਾਂ ਤੁਹਾਨੂੰ ਦੋ ਹਫ਼ਤਿਆਂ ਤਕ ਦੀ ਪਿੱਤਰਤਵ ਛੁੱਟੀ ਲੈਣ ਦਾ ਅਧਿਕਾਰ ਦਿੱਤਾ ਜਾਂਦਾ ਹੈ ਲੇਕਿਨ ਇਹ ਛੁੱਟੀ ਇਕ ਸਾਥ ਹੀ ਦਿੱਤੀ ਜਾਵੇਗੀ ਅਤੇ ਉਹ ਵੀ ਬੱਚੇ ਦੇ ਜਨਮ ਦੇ 56 ਦਿਨਾਂ ਦੇ ਵਿਚਕਾਰ ਹੀ ਮਿਲੇਗੀ।

ਤੁਹਾਨੂੰ ਇਹ ਛੁੱਟੀ ਲੈਣ ਦਾ ਅਧਿਕਾਰ ਮਿਲ ਸਕਦਾ ਹੈ, ਜੇ:

- – ਤੁਸੀ ਪਿਛਲੇ 26 ਹਫਤਿਆਂ ਤੋਂ ਜਾਂ ਬੱਚੇ ਦੇ ਬਿਮਾਰ ਹੋਣ ਤੋਂ ਪਹਿਲਾਂ 15 ਹਫਤੇ ਪਹਿਲਾਂ ਤੋਂ ਮੌਜੂਦਾ ਨਿਯੋਜਕ ਵਲੋਂ ਨਿਰੰਤਰ ਰੂਪ ਤੋਂ ਰੋਜਗਾਰ ਪ੍ਰਾਪਤ ਕਰ ਰਹੇ ਹੋ।
- ਤੁਸੀਂ ਬੱਚੇ ਦੇ ਜੇਵਿਕ (biological)-ਪਿਤਾ ਹੋ ਜਾਂ ਮਾਂ ਬਣਨ ਵਾਲੀ ਸਾਥਣ ਦੇ ਪਤੀ ਜਾਂ ਸਾਥੀ ਹੋ (ਇਹ ਗੱਲ ਸਮ-ਲਿੰਗੀ ਸਾਥੀਆਂ ਉਪਰ ਵੀ ਲਾਗੂ ਹੁੰਦੀ ਹੈ)।
- ਤੁਸੀਂ ਬੱਚੇ ਨੂੰ ਵੱਡਾ ਕਰਨ ਦੇ ਕਾਰਜ ਵਿਚ ਸਰਗਰਮ ਹਿੱਸਾ ਲੈਣ ਜਾ ਰਹੇ ਹੋ।
- ਤੁਸੀਂ ਮਾਂ ਅਤੇ ਨਵ-ਜੰਮੇ ਬੱਚੇ ਦੀ ਪਿੱਤਰਤਵ ਛੁੱਟੀ ਦੇ ਦੌਰਾਨ ਦੇਖਭਾਲ ਕਰ ਰਹੇ ਹੋ।
- ਤੁਸੀਂ ਆਪਣੇ ਮਾਲਕ ਨੂੰ ਪਿੱਤਰਤਵ ਛੁੱਟੀ ਲੈਣ ਬਾਰੇ ਪਹਿਲਾਂ ਹੀ ਸੂਚਿਤ ਕਰ ਦਿੱਤਾ ਹੈ।

ਤੁਹਾਨੂੰ ਪਿੱਤਰਤਵ ਛੁੱਟੀ ਪ੍ਰਦਾਨ ਕੀਤੀ ਜਾਵੇਗੀ ਜੇ ਤੁਸੀਂ ਰਾਸ਼ਟਰੀ ਬੀਮਾ (National Insurance) ਯੋਗਦਾਨ ਦੇ ਅੰਤਰਗਤ ਘੱਟੋ-ਘੱਟ ਨਿਰਧਾਰਿਤ ਕਮਾਈ ਸੀਮਾ (90 ਪੌਂਡ ਪ੍ਰਤੀ ਹਫ਼ਤੇ) ਕਮਾਉਂਦੇ ਹੋ। ਜੇ ਨਹੀਂ ਤਾਂ ਤੁਹਾਨੂੰ ਪਿੱਤਰਤਵ ਛੁੱਟੀ ਦੇ ਦੌਰਾਨ ਮਿਲਣ ਵਾਲੀ ਤਨਖ਼ਾਹ ਨਹੀਂ ਦਿੱਤੀ ਜਾਵੇਗੀ ਪਰ ਤੁਹਾਨੂੰ ਇਹ ਛੁੱਟੀ ਲੈਣ ਦਾ ਅਧਿਕਾਰ ਮਿਲ ਸਕਦਾ ਹੈ, ਜੇ ਤੁਸੀਂ ਦੂਸਰੇ ਨਿਯਮਾਂ ਨੂੰ ਪੂਰਾ ਕਰਦੇ ਹੋ।

ਜੇ ਤੁਹਾਨੂੰ ਪਿੱਤਰਤਵ ਛੁੱਟੀ ਲੈਣ ਦਾ ਅਧਿਕਾਰ ਮਿਲਦਾ ਹੈ ਤਾਂ ਤੁਹਾਨੂੰ ਇਕ ਹਫ਼ਤੇ ਦੇ 117.18 ਪੌਂਡ ਜਾਂ ਤੁਹਾਡੀ ਹਫ਼ਤਾਵਾਰ ਤਨਖ਼ਾਹ ਦਾ 90 ਪ੍ਰਤੀਸ਼ਤ ਮਿਲੇਗਾ ਜੋ ਇਸ ਗੱਲ ਤੇ ਨਿਰਭਰ ਕਰੇਗਾ ਕਿ ਸਭ ਤੋਂ ਘੱਟ ਕਿਹੜਾ ਹੈ।

ਬੱਚੇ ਦੇ ਜਨਮ ਲੈਣ ਦੀ ਨਿਯਤ ਤਾਰੀਖ਼ ਤੋਂ 15 ਹਫ਼ਤੇ ਪਹਿਲਾਂ ਹੀ ਤੁਹਾਨੂੰ ਆਪਣੇ ਮਾਲਕ ਨੂੰ (ਵਿਸ਼ੇਸ਼ਤਰ ਲਿਖਿਤ ਰੂਪ ਵਿਚ) ਦੱਸਣਾ ਪਏਗਾ:

- ਬੱਚੇ ਦੇ ਜਨਮ ਲੈਣ ਦੀ ਨਿਯਤ ਤਾਰੀਖ਼ ਬਾਰੇ।
- ਹਫ਼ਤਿਆਂ ਦੀ ਗਿਣਤੀ ਬਾਰੇ ਕਿ ਕਿੰਨੇ ਹਫ਼ਤੇ (ਇਕ ਜਾਂ ਦੋ) ਤੁਸੀਂ ਛੁੱਟੀ ਲੈਣਾ ਚਾਹੁੰਦੇ ਹੋ।
- ਤੁਹਾਡੀ ਪਿੱਤਰਤਵ ਛੁੱਟੀ ਦੀ ਸ਼ੁਰੂਆਤ ਕਰਨ ਦੀ ਤਾਰੀਖ਼ ਬਾਰੇ (ਇਹ ਬਦਲੀ ਵੀ ਜਾ ਸਕਦੀ ਹੈ ਜੇ ਤੁਸੀਂ ਆਪਣੇ ਮਾਲਕ ਨੂੰ ਘੱਟੋ-ਘੱਟ 28 ਦਿਨ ਪਹਿਲਾਂ ਹੀ ਸੂਚਿਤ ਕਰ ਦਿੰਦੇ ਹੋ ਪਰ ਤੁਹਾਡੀ ਪਿੱਤਰਤਵ ਛੁੱਟੀ ਦੀ ਸ਼ੁਰੂਆਤ ਬੱਚੇ ਦੇ ਜਨਮ ਲੈਣ ਤੋਂ ਇਕਦਮ ਪਹਿਲਾਂ ਹੀ ਨਹੀਂ ਹੋ ਸਕਦੀ)।

## ਮਜ਼ਦੂਰੀ

ਇੰਗਲੈਂਡ ਵਿੱਚਲੇ ਸਾਰੇ ਮਜ਼ਦੂਰ ਉਹਨਾਂ ਵਲੋਂ ਕੀਤੇ ਗਏ ਕੰਮ ਲਈ ਰਾਸ਼ਟਰੀ ਘੱਟੋਘੱਟ ਮਜ਼ਦੂਰੀ ਪ੍ਰਤੀ ਘੰਟਾ ਪ੍ਰਾਪਤ ਕਰਨ ਦੇ ਕਾਨੂੰਨ ਮੁਤਾਬਕ ਹੱਕਦਾਰ* ਹਨ। ਇਸ ਟੇਬਲ ਵਿੱਚ ਹਰ ਇੱਕ ਉਮਰ ਸਮੂਹ ਲਈ ਘੱਟੋਘੱਟ ਮਜ਼ਦੂਰੀ ਹੈ:

| ਉਮਰ | ਘੱਟੋਘੱਟ ਮਜ਼ਦੂਰੀ |
|---|---|
| 16 - 17 | £3.53 |
| 18 - 21 | £4.77 (ਵਿਕਾਸ ਦਰ)** |
| 22* ਤੋਂ ਉੱਤੇ | £5.73 |

*19 ਵਰ੍ਹੇ ਤੋਂ ਘੱਟ ਉਮਰ ਦਾ ਵਿਦਿਆਰਥੀ ਘੱਟੋਘੱਟ ਮਜ਼ਦੂਰੀ ਦਾ ਹੱਕਦਾਰ ਨਹੀਂ ਹੈ।

**ਜੇਕਰ ਤੁਸੀ ਆਪਣੀ ਨਵੇਂ ਰੋਜਗਾਰ ਦੇ ਪਹਿਲੇ ਛੇ ਮਹੀਨੇ ਦੌਰਾਨ ਮਾਲਤਾ ਪ੍ਰਾਪਤ ਸਿੱਖਲਾਈ ਪ੍ਰਾਪਤ ਕਰ ਰਹੇ ਹੋ, ਤੁਹਾਨੂੰ ਸਿਰਫ਼ ਵਿਕਾਸ ਦਰ ਦਿੱਤੀ ਜਾ ਸਕਦੀ ਹੈ।

## ਕਟੌਤੀ

ਨਿਯੋਜਕਾਂ ਨੂੰ ਆਮਦਨ ਕਰ, ਆਪਣੀ ਕਮਾਈ ਚੋਂ ਭੁੱਗਤਾਨ (ਪੀਏਵਾਈਈ) ਅਤੇ ਰਾਸ਼ਟਰੀ ਬੀਮਾ ਯੋਗਦਾਨ ਲਈ ਤੁਹਾਡੀ ਮਜ਼ਦੂਰੀ ਚੋਂ ਕਟੌਤੀ ਕਰਨ ਦੀ ਕਾਨੂੰਨ ਮੁਤਾਬਕ ਆਗਿਆ ਹੈ। ਕੋਈ ਵੀ ਕੀਤੀ ਗਈ ਕਟੌਤੀ ਜਿਵੇਂ ਪੇਂਸ਼ਨ ਯੋਜਨਾ ਲਈ ਯੋਗਦਾਨ ਦੀ ਪਹਿਲਾਂ ਤੁਹਾਡੇ ਕੋਲੋਂ ਮੰਜ਼ੂਰੀ ਹੋਣੀ ਚਾਹੀਦੀ ਹੈ।

ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਸੀ ਘੱਟੋਘੱਟ ਮਜ਼ਦੂਰਪ ਪ੍ਰਾਪਤ ਨਹੀਂ ਕਰ ਰਹੇ ਤੇ ਤੁਸੀ ਡੀਟੀਆਈ ਰਾਸ਼ਟਰੀ ਘੱਟੋਘੱਟ ਮਜ਼ਦੂਰੀ ਹੈਲਪਲਾਈਨ ਨਾਲ 0845 6000 678 ਤੇ ਸੰਪਰਕ ਕਰ ਸਕਦੇ ਹੋ।

## ਸੇਹਤ ਅਤੇ ਸੁਰੱਖਿਆ

ਤੁਸੀ ਇੰਗਲੈਂਡ ਵਿੱਚ ਜਿੱਥੇ ਵੀ ਅਤੇ ਜਿਹਨੇ ਚਿਰ ਲਈ ਵੀ ਕੰਮ ਕਰਦੇ ਹੋ, ਤੁਸੀ ਅਤੇ ਤੁਹਾਡਾ ਨਿਯੋਜਕ ਦੋਹਾਂ ਦੇ ਸੇਹਤ ਅਤੇ ਸੁਰੱਖਿਆ ਦੇ ਸੰਬੰਧ ਵਿੱਚ ਹੱਕ ਅਤੇ ਜ਼ਿੰਮੇਵਾਰੀਆਂ ਹੁੰਦੀ ਹਨ।

ਸੇਹਤ ਅਤੇ ਸੁਰੱਖਿਆ ਕਾਰਜਕਾਰੀ ਇੱਕ ਸਰਕਾਰੀ ਸੰਗਠਨ ਹੈ ਜੋ ਸੇਹਤ ਅਤੇ ਸੁਰੱਖਿਆ ਕਾਨੂੰਨ ਲਾਗੂ ਕਰਕੇ ਅਤੇ ਸਲਾਹ ਅਤੇ ਸਹਯੋਗ ਪੇਸ਼ ਕਰਕੇ ਮਜ਼ਦੂਰਾਂ ਦੀ ਸੇਹਤ, ਸੁਰੱਖਿਆ ਅਤੇ ਚੰਗਿਆਈ ਲਈ ਕੰਮ ਕਰਦਾ ਹੈ।

ਜੇਕਰ ਕੰਮ ਦੌਰਾਨ ਤੁਹਾਡੇ ਨਾਲ ਕੋਈ ਦੁਰਘਟਨਾ ਹੋ ਜਾਂਦੀ ਹੈ, ਭਾਵੇਂ ਜਿਹਨੀ ਮਰਜੀ ਛੋਟੀ ਹੋਵੇ, ਤੁਹਾਨੂੰ ਆਪਣੇ ਸੂਪਰਵਾਈਜ਼ਰ, ਯੂਨਿਯਨ ਪ੍ਰਤੀਨਿਧ ਜਾਂ ਕੰਪਨੀ ਸੁਰੱਖਿਆ ਅਫ਼ਸਰ ਨੂੰ ਉਸਦੀ ਰਿਪੋਰਟ ਕਰਨੀ ਚਾਹੀਦੀ ਹੈ। ਯਕੀਨੀ ਬਣਾਓ ਕਿ ਤੁਹਾਡੀ ਚੋਟ ਦੁਰਘਟਨਾ ਕਿਤਾਬ ਵਿੱਚ ਲਿੱਖੀ ਗਈ ਹੈ।

ਜੇਕਰ ਤੁਸੀ ਕਿਸੇ ਦੁਰਘਟਨਾ ਕਾਰਣ ਕੰਮ ਨਹੀਂ ਕਰ ਰਹੇ, ਕਿਸੇ ਡਾਕਟਰ ਨੂੰ ਮਿਲੋ ਅਤੇ ਉਸਨੂੰ ਦੱਸੋ ਕਿ ਤੁਸੀ ਕੰਮ ਕਰਦੇ ਸਮੇਂ ਜਖ਼ਮੀ ਹੋਏ ਹੋ। ਆਪਣੇ ਨਿਯੋਜਕ ਨੂੰ ਭੇਜਣ ਲਈ ਪ੍ਰਮਾਣਪੱਤਰ ਦੀ ਮੰਗ ਕਰੋ। ਤੁਸੀ ਲਾਭ ਪ੍ਰਾਪਤ ਕਰਨ ਦੇ ਜੋਗ ਹੋ ਸਕਦੇ ਹੋ।

## ਯੂਨਿਯਨ ਨਾਲ ਜੁੜਨਾ

ਇੰਗਲੈਂਡ ਦਾ ਕਾਨੂੰਨ ਦੱਸਦਾ ਹੈ ਕਿ ਜਦੋਂ ਤੁਸੀ 16 ਵਰ੍ਹੇ ਦੇ ਹੁੰਦੇ ਹੋ, ਤੁਹਾਨੂੰ ਚੁਣਨ ਦਾ ਹੱਕ ਹੁੰਦਾ ਹੈ ਕਿ ਤੁਸੀ ਯੂਨਿਯਨ ਨਾਲ ਜੁੜਨਾ ਹੈ, ਉਹ ਤੁਹਾਨੂੰ ਕੰਮ ਉੱਤੇ ਤੁਹਾਡੇ ਹੱਕਾਂ ਬਾਰੇ ਸਲਾਹ ਦਿਆਂਗੇ ਅਤੇ ਆਪਣੇ ਨਿਯੋਜਕ ਨਾਲ ਤੁਹਾਡੇ ਕੋਈ ਮਾਮਲੇ ਹਲ ਕਰਨ ਵਿੱਚ ਤੁਹਾਡੀ ਮਦਦ ਕਰਾਂਗੇ। ਆਪਣੇ ਸਾਥੀਆਂ ਨੂੰ ਪੁੱਛੋ ਕਿ ਉਹ ਇਸ ਯੂਨਿਯਨ ਦੇ ਮੈਂਬਰ ਹਨ, ਉਹ ਕੀ ਸੇਵਾਵਾਂ ਮੁਹਈਆ ਕਰਾਉਂਦੇ ਹਨ ਅਤੇ ਤੁਹਾਡਾ ਯੂਨਿਯਨ ਪ੍ਰਤੀਨਿਧ ਕੌਣ ਹੈ।

## ਜੇਕਰ ਤੁਸੀ ਬਿਮਾਰ ਜਾਂ ਲੇਟ ਹੋਵੋ

ਜੇਕਰ ਤੁਸੀ ਆਪਣੀ ਬਿਮਾਰੀ ਜਾਂ ਆਪਣੀ ਕਿਸੇ ਨਿਜੀ ਪਰੇਸ਼ਾਨੀ ਕਾਰਣ ਕੰਮ ਤੇ ਹਾਜਰ ਨਾ ਹੋ ਸਕੋ, ਤੁਹਾਨੂੰ ਆਪਣੇ ਸੂਪਰਾਈਜਰ ਜਾਂ ਨਿਯੋਜਕ ਨੂੰ ਫ਼ੋਨ ਕਰਕੇ ਉਸਨੂੰ ਆਪਣੀ ਸਥਿਤੀ ਦਾ ਵੇਰਵਾ ਦੇਣਾ ਅਤੇ ਆਪਣੇ ਕੰਮ ਉੱਤੇ ਵਾਪਿਸ ਆਉਣ ਦਾ ਸਮਾਂ ਦੱਸਣਾ ਚਾਹੀਦਾ ਹੈ।

## ਬਿਮਾਰੀ ਦਾ ਭੁੱਗਤਾਨ ਪ੍ਰਾਪਤ ਕਰਨਾ

ਬਿਮਾਰੀ ਕਾਰਨ ਕੰਮ ਤੋਂ ਛੁੱਟੀ ਦੌਰਾਨ ਭੁੱਗਤਾਨ ਲਈ ਤੁਹਾਡੇ ਹੱਕ ਤੁਹਾਡੇ ਅਨੁਬੰਧ ਜਾਂ ਕਾਯਦੇ ਅਤੇ ਸ਼ਰਤਾਂ ਵਿੱਚ ਸੇਟ ਕੀਤੇ ਗਏ ਹਨ। ਜੇਕਰ ਇਹ ਸਪਸ਼ਨ ਨਾ ਹੋਵੇ, ਆਪਣੇ ਸੂਪਰਵਾਈਜ਼ਰ ਜਾਂ ਤੁਹਾਡੇ ਯੂਨਿਯਨ ਪ੍ਰਤੀਨਿਧ ਤੋਂ ਸਪਸ਼ਟੀਕਰਣ ਮੰਗੋ।

## ਉਤਪੀੜਨਾ

ਨਿਯੋਜਕ ਜਾਂ ਕੰਮ ਵਿੱਚ ਸਾਥੀਆਂ ਦਾ ਕਿਸੇ ਮਜ਼ਦੂਰ ਨੂੰ ਉਸਦੀ ਜਾਤੀ, ਉਮਰ ਜਾਂ ਲਿੰਗ ਕਾਰਣ ਕਿਸੇ ਮਜ਼ਦੂਰ ਨਾਲ ਭੇਦਭਾਵ ਕਰਨਾ ਗੈਰ-ਕਾਨੂੰਨੀ ਹੈ। ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਨਾਲ ਕੰਮ ਉੱਤੇ ਗਲਤ ਵਰਤਾਉ ਕੀਤਾ ਗਿਆ ਹੈ ਤੇ ਤੁਹਾਨੂੰ ਰਿਕਾਰਡ ਕਰਨ ਦੀ ਲੋੜ ਹੋਵੇਗੀ ਕਿ ਕੀ ਹੋਇਆ ਅਤੇ ਇਹ ਕਦੋਂ ਹੋਇਆ, ਤਾਂ ਤੁਹਾਨੂੰ ਉਸਦੀ ਰਿਪੋਰਟ ਕਰਨੀ ਚਾਹੀਦੀ ਹੈ।

ਤੁਸੀ ਇਹ ਇਹਨਾਂ ਨਾਲ ਗੱਲ ਕਰਕੇ ਕਰ ਸਕਦੇ ਹੋ:
- ਉਸ ਕੰਪਨੀ, ਜਿਸ ਲਈ ਤੁਸੀ ਕੰਮ ਕਰਦੇ ਹੋ, ਵਿੱਚਕਾਰ ਕਿਸੇ ਵੱਡੇ ਬੰਦੇ ਨਾਲ
- ਤੁਹਾਡਾ ਯੂਨਿਯਨ ਪ੍ਰਤੀਨਿਧ।
- ਨਾਗਰਕ ਸਲਾਹ ਬਿਊਰੋ।

## ਕਰ ਕੈਡਿਟ

ਜੇਕਰ ਤੁਸੀ ਕੰਮ ਕਰ ਰਹੇ ਹੋ ਅਤੇ/ਜਾਂ ਤੁਹਾਡੇ ਬੱਚੇ ਹਨ ਤੁਸੀ ਕਰ ਕ੍ਰੈਡਿਟ ਦਾ ਦਾਵਾ ਕਰਨ ਦੇ ਯੋਗ ਹੋਵੋਗੇ। ਇਹ ਪਤਾ ਕਰਨ ਲਈ ਕਿ ਤੁਸੀ ਯੋਗ ਹੋ ਜਾਂ ਨਹੀਂ, http://www.hmrc.gov.uk/taxcredits ਨਾਲ ਸੰਪਰਕ ਕਰੋ ਜਾਂ 0845 300 3900 ਤੇ ਕੱਾਲ ਕਰੋ।

## ਸਲਾਹ ਸੇਵਾਵਾਂ

ਨਾਗਰਕ ਸਲਾਹ ਸੇਵਾ 3,300 ਥਾਂਵਾਂ ਤੋਂ ਮੁਫਤ ਜਾਣਕਾਰੀ ਅਤੇ ਸਲਾਹ ਮੁਹਈਆ ਕਰਾਕੇ ਲੋਕਾਂ ਦੀ ਕਨੂੰਨੀ, ਰੁਪਏ ਸੰਬੰਧੀ ਅਤੇ ਦੂਜੀ ਪਰੇਸ਼ਾਨੀਆਂ ਨੂੰ ਹਲ ਕਰਦੀ ਹੈ। ਆਪਣਾ ਨਜ਼ਦੀਕੀ ਕੇਂਦਰ ਅਤੇ ਖੁੱਲ੍ਹਣ ਦਾ ਸਮਾਂ ਪਤਾ ਕਰਨ ਲਈ, ਕਿਰਪਾ ਕਰਕੇ http://www.citizensadvice.org.uk/index/getadvice.htm ਤੇ ਜਾਓ।




# ਸਿੱਖਿਆ

ਯੂਕੇ (UK) ਵਿੱਚ ਸਾਰੇ ਬੱਚਿਆਂ, ਜਿਹਨਾਂ ਦੀ ਉਮਰ 5-16 ਹੈ, ਨੂੰ ਪੂਰੇ ਸਮੇਂ ਦੀ ਸਿੱਖਿਆ ਮਿਲਣੀ ਚਾਹੀਦੀ ਹੈ। ਇਸਨੂੰ ਮੁਹੱਈਆ ਕਰਾਉਣਾ ਸਥਾਨਕ ਕੌਂਸਲ (ਜਿਸਨੂੰ ਆਮ ਤੌਰ ਤੇ ਲੋਕਲ ਅਥਾਰਿਟੀ ਵਜੋਂ ਜਾਣਿਆ ਜਾਂਦਾ ਹੈ) ਦਾ ਫ਼ਰਜ਼ ਹੈ। ਜਿਹੜੇ ਬੱਚੇ ਰਫਿਊਜੀ ਹਨ ਜਾਂ ਸ਼ਰਨ ਲੈਣਾ ਚਾਹੁੰਦੇ ਹਨ, ਉਹ ਯੂਕੇ ਵਿੱਚ ਹੋਰਨਾਂ ਸਾਰੇ ਬੱਚਿਆਂ ਵਾਂਗ ਹੀ, ਪੂਰੇ ਸਮੇਂ ਦੀ ਸਿੱਖਿਆ ਦੇ ਹੱਕਦਾਰ ਹਨ।

ਯੂਕੇ ਵਿੱਚ ਜ਼ਿਆਦਾਤਰ ਬੱਚੇ ਕਿਸੇ ਸਰਕਾਰੀ ਸਕੂਲ ਵਿੱਚ ਜਾਂਦੇ ਹਨ। ਕੁਝ ਪ੍ਰਾਈਵੇਟ ਸਕੂਲਾਂ ਵਿੱਚ ਜਾਂਦੇ ਹਨ, ਜਿੱਥੇ ਫ਼ੀਸ ਉਹਨਾਂ ਦੇ ਮਾਪਿਆਂ ਵੱਲੋਂ ਭਰੀ ਜਾਂਦੀ ਹੈ। ਥੋੜ੍ਹੀ ਗਿਣਤੀ ਵਿੱਚ ਬੱਚਿਆਂ ਨੂੰ ਲੋਕਲ ਅਥਾਰਿਟੀ ਵੱਲੋਂ ਘਰ ਵਿੱਚ ਹੀ ਪੜ੍ਹਨ ਦੀ ਆਗਿਆ ਮਿਲੀ ਹੁੰਦੀ ਹੈ।

## ਸਕੂਲ ਵਰ੍ਹਾ

ਯੂਕੇ ਵਿੱਚ ਸਕੂਲ ਵਰ੍ਹਾ ਅਗਸਤ ਜਾਂ ਸਿਤੰਬਰ ਵਿੱਚ ਸ਼ੁਰੂ ਹੁੰਦਾ ਹੈ ਅਤੇ ਤਿੰਨ ਜਾਂ ਛੇ ਮਿਆਦਾਂ (terms) ਵਿੱਚ ਵੰਡਿਆ ਹੁੰਦਾ ਹੈ। ਹਰੇਕ ਮਿਆਦ ਲਗਭਗ ਸੱਤ ਜਾਂ ਤੇਰ੍ਹਾਂ ਹਫ਼ਤਿਆਂ ਦੀ ਹੁੰਦੀ ਹੈ। ਸਕੂਲ ਘੱਟੋ-ਘੱਟ ਦੋ ਹਫ਼ਤਿਆਂ ਲਈ ਕ੍ਰਿਸਮਿਸ 'ਤੇ ਅਤੇ ਮਾਰਚ ਜਾਂ ਅਪ੍ਰੈਲ ਵਿੱਚ, ਦੋ ਹਫ਼ਤਿਆਂ ਲਈ ਈਸਟਰ 'ਤੇ ਬੰਦ ਹੁੰਦੇ ਹਨ। ਹਰੇਕ ਮਿਆਦ ਦੇ ਅੱਧ ਵਿਚਕਾਰ ਦੋ ਤੋਂ ਪੰਜ ਦਿਨਾਂ ਦੀਆਂ ਛੁੱਟੀਆਂ ਹੁੰਦੀਆਂ ਹਨ।

ਸਕੂਲ ਵਰ੍ਹਾ ਜੂਨ ਜਾਂ ਜੁਲਾਈ ਦੇ ਦੌਰਾਨ ਖਤਮ ਹੁੰਦਾ ਹੈ, ਜਦੋਂ ਸਕੂਲ ਲਗਭਗ ਛੇ ਹਫ਼ਤਿਆਂ ਲਈ ਬੰਦ ਹੋ ਜਾਂਦੇ ਹਨ।

## ਸਕੂਲ ਅਤੇ ਕਾਲਜ

ਯੂਕੇ ਵਿੱਚ ਸਿੱਖਿਆ ਆਮ ਤੌਰ ਤੇ ਚਾਰ ਵੱਖ-ਵੱਖ ਪੜਾਵਾਂ ਵਿੱਚ ਵੰਡੀ ਹੁੰਦੀ ਹੈ:

| ਉਮਰ | ਸਕੂਲ ਦੀ ਕਿਸਮ | ਸਕੂਲ ਵਰ੍ਹਾ |
|---|---|---|
| 5 - 11 | ਪ੍ਰਾਇਮਰੀ ਸਕੂਲ | 1 - 6 |
| 11 - 16 | ਸੈਕੰਡਰੀ ਸਕੂਲ | 7 - 11 |
| 16 - 18 / 19 | ਸੈਕੰਡਰੀ ਸਕੂਲ, ਸਿਕਸਥ ਫ਼ਾਰਮ ਕਾਲਜ (Sixth Form College) ਜਾਂ ਅਗਲੇਰੀ ਸਿੱਖਿਆ ਦਾ ਕਾਲਜ (College of Further Education) | 12 - 13 |
| 18 / 19 ਤੋਂ ਅਧਿਕ | ਅਗਲੇਰੀ ਸਿੱਖਿਆ ਦਾ ਕਾਲਜ ਜਾਂ ਯੂਨੀਵਰਸਿਟੀ | |

ਜੇ ਤੁਹਾਡਾ ਬੱਚਾ 16 ਤੋਂ ਬਾਅਦ ਆਪਣੀ ਸਿੱਖਿਆ ਨੂੰ ਜਾਰੀ ਰੱਖਣ ਦਾ ਫ਼ੈਸਲਾ ਕਰਦਾ ਹੈ, ਤਾਂ ਉਸਨੂੰ ਇਹ ਫ਼ੈਸਲਾ ਕਰਨਾ ਪਏਗਾ ਕਿ ਸਕੂਲ ਵਿੱਚ ਰਹਿਣਾ ਹੈ ਜਾਂ ਕਾਲਜ ਜਾਣਾ ਹੈ।

## ਖਰਚੇ

ਭਾਵੇਂ ਯੂਕੇ ਵਿੱਚ ਸਰਕਾਰੀ ਸਿੱਖਿਆ ਮੁਫ਼ਤ ਹੈ, ਪਰ ਅਜਿਹੀਆਂ ਕੁਝ ਚੀਜ਼ਾਂ ਹਨ ਜਿਹਨਾਂ ਲਈ ਵਿਦਿਆਰਥੀਆਂ ਅਤੇ ਮਾਪਿਆਂ ਤੋਂ ਭੁਗਤਾਨ ਕੀਤੇ ਜਾਣ ਦੀ ਉਮੀਦ ਕੀਤੀ ਜਾਂਦੀ ਹੈ।

### *ਸਾਜ਼ੋ-ਸਮਾਨ ਅਤੇ ਕਿਤਾਬਾਂ*

ਸਕੂਲ ਵਿੱਚ, ਹਰੇਕ ਬੱਚੇ ਨੂੰ ਆਪੋ-ਆਪਣੇ ਪੈੱਨ, ਪੈਨਸਿਲ ਅਤੇ ਰੂਲਰ ਦੀ ਲੋੜ ਹੁੰਦੀ ਹੈ। ਸਕੂਲ ਨੂੰ ਸਬਕ ਲਈ ਲੋੜੀਂਦੀਆਂ ਕਿਤਾਬਾਂ, ਕਾਗਜ਼ ਅਤੇ ਹੋਰ ਸਾਰਾ ਸਮਾਨ ਮੁਹੱਈਆ ਕਰਾਉਣਾ ਚਾਹੀਦਾ ਹੈ।

### *ਸਕੂਲ ਦੀ ਵਰਦੀ*

ਜੇ ਤੁਹਾਡੀ ਆਮਦਨ ਘੱਟ ਹੈ, ਤਾਂ ਤੁਹਾਨੂੰ ਸ਼ਾਇਦ ਆਪਣੇ ਬੱਚੇ ਦੀ ਸਕੂਲ ਦੀ ਵਰਦੀ ਦੇ ਖਰਚੇ ਲਈ ਭੁਗਤਾਨ ਕਰਨ ਵਾਸਤੇ ਕੁਝ ਮਾਲੀ ਮਦਦ ਮਿਲ ਸਕੇ।

### *ਸਕੂਲ ਦਾ ਖਾਣਾ*

ਯੂਕੇ ਵਿੱਚ ਸਾਰੇ ਸਕੂਲ ਵਿਦਿਆਰਥੀਆਂ ਨੂੰ ਦੁਪਹਿਰ ਦਾ ਖਾਣਾ ਮੁਹੱਈਆ ਕਰਦੇ ਹਨ, ਹਾਲਾਂਕਿ ਕਈ ਵਿਦਿਆਰਥੀ ਪੈਕ ਕੀਤਾ ਹੋਇਆ ਦੁਪਹਿਰ ਦਾ ਖਾਣਾ ਲੈਕੇ ਜਾਂਦੇ ਹਨ। ਸਕੂਲ ਦਾ ਖਾਣਾ ਉਹਨਾਂ ਬੱਚਿਆਂ ਲਈ ਮੁਫ਼ਤ ਹੁੰਦਾ ਹੈ ਜਿਹਨਾਂ ਦੇ ਪਰਿਵਾਰਾਂ ਦੀ ਆਮਦਨ ਘੱਟ ਹੁੰਦੀ ਹੈ।

ਜੇ ਵਿਦਿਆਰਥੀ ਸਮਾਜਕ ਸੇਵਾਵਾਂ ਦੀ ਦੇਖਭਾਲ ਵਿੱਚ ਹੈ, ਤਾਂ ਮਨੋਨੀਤ ਕੀਤੇ ਹੋਏ ਦੇਖਭਾਲਕਰਤਾ ਪੈਕ ਕੀਤਾ ਹੋਇਆ ਦੁਪਹਿਰ ਦਾ ਖਾਣਾ ਦੇਣਗੇ ਜਾਂ ਬੱਚੇ ਨੂੰ ਆਪਣਾ ਸਕੂਲ ਦਾ ਖਾਣਾ ਖਰੀਦਣ ਲਈ ਪੈਸੇ ਦਿੱਤੇ ਜਾਣਗੇ।

### *ਸਫ਼ਰ*

ਜੇ ਤੁਹਾਡੇ ਬੱਚੇ ਕੋਲ ਤੁਹਾਡੀ ਰਿਹਾਇਸ਼ ਵਾਲੀ ਥਾਂ ਦੇ ਸਭ ਤੋਂ ਨੇੜਲੇ ਉਪਲਬਧ ਸਕੂਲ ਵਿਖੇ ਕੋਈ ਥਾਂ ਹੈ ਅਤੇ ਇਹ 'ਤੁਰਕੇ ਜਾਣ ਦੀ ਦੂਰੀ' (ਜ਼ਿਆਦਾਤਰ ਮਾਮਲਿਆਂ ਵਿੱਚ ਤਿੰਨ ਮੀਲ) ਦੇ ਅੰਦਰ ਨਹੀਂ ਹੈ, ਤਾਂ ਹੋ ਸਕਦਾ ਹੈ ਕਿ ਤੁਹਾਨੂੰ ਬੱਸ ਜਾਂ ਟ੍ਰੇਨ ਕਿਰਾਏ ਦਾ ਭੁਗਤਾਨ ਕਰਨ ਵਿੱਚ ਮਦਦ ਮਿਲ ਸਕੇ।

### *ਹੋਰ ਖਰਚੇ*

ਸਕੂਲ ਨੂੰ ਤੁਹਾਨੂੰ ਅਜਿਹੀ ਕਿਸੇ ਚੀਜ਼ ਦੇ ਭੁਗਤਾਨ ਲਈ ਨਹੀਂ ਕਹਿਣਾ ਚਾਹੀਦਾ ਜਿਸਦੀ ਲੋੜ ਤੁਹਾਡੇ ਬੱਚੇ ਨੂੰ ਸਕੂਲ ਵਿੱਚ ਆਪਣਾ ਕੰਮ ਕਰਨ ਲਈ ਹੈ। ਹਾਲਾਂਕਿ, ਤੁਹਾਨੂੰ ਸ਼ਾਇਦ ਵਾਧੂ ਸਰਗਰਮੀਆਂ ਲਈ ਭੁਗਤਾਨ ਕਰਨ ਲਈ ਕਿਹਾ ਜਾਵੇ, ਜਿਵੇਂ ਕਿ ਕੋਈ ਸੰਗੀਤਕ ਸਾਜ਼ ਵਜਾਉਣਾ ਸਿੱਖਣ ਲਈ ਸਬਕ।

### *ਸਕੂਲ ਯਾਤਰਾਵਾਂ*

ਕਈ ਵਾਰੀ ਅਧਿਆਪਕ ਸਕੂਲ ਤੋਂ ਬਾਹਰ ਸੈਰ 'ਤੇ ਜਾਣ ਦਾ ਇੰਤਜ਼ਾਮ ਕਰੇਗਾ, ਜਿਵੇਂ ਕਿ ਕਿਸੇ ਕਿਲੇ ਜਾਂ ਅਜਾਇਬਘਰ ਵਿਖੇ ਜਾਣਾ। ਜੇ ਇਹ ਸਕੂਲ ਦੇ ਮੁੱਖ ਵਿਸ਼ਿਆਂ ਵਿੱਚੋਂ ਇੱਕ ਦਾ ਹਿੱਸਾ ਹੋਵੇ ਅਤੇ ਦੌਰਾ ਸਕੂਲ ਦੇ ਸਮੇਂ ਦੌਰਾਨ ਕੀਤਾ ਜਾਂਦਾ ਹੈ ਤਾਂ ਤੁਹਾਨੂੰ ਇਸਦੇ ਲਈ ਭੁਗਤਾਨ ਨਹੀਂ ਕਰਨਾ ਪਏਗਾ। ਜੇ ਸਫ਼ਰ ਤੇ ਰਾਤ ਨੂੰ ਠਹਿਰਣ ਦੀ ਲੋੜ ਹੋਵੇ ਤਾਂ ਘੱਟ ਆਮਦਨ ਵਾਲੇ ਪਰਿਵਾਰਾਂ ਨੂੰ ਰਿਹਾਇਸ਼ ਅਤੇ ਭੋਜਨ ਦੇ ਖਰਚੇ ਲਈ ਭੁਗਤਾਨ ਨਹੀਂ ਕਰਨਾ ਪੈਂਦਾ।

## ਸਕੂਲ ਵਿਖੇ ਸਿੱਖਣਾ

ਯੂਕੇ ਵਿੱਚ ਤੁਹਾਡੇ ਬੱਚੇ ਦੇ ਸਕੂਲ ਵਿੱਚ ਸਬਕ ਸ਼ਾਇਦ ਉਹਨਾਂ ਤੋਂ ਅੱਡ ਹੋਣਗੇ ਜੋ ਉਹਨਾਂ ਨੂੰ ਪਹਿਲਾਂ ਮਿਲੇ ਸਨ, ਅਤੇ ਉਹ ਸ਼ਾਇਦ ਅਜਿਹੇ ਵਿਸ਼ੇ ਲੈ ਰਹੇ ਹੋਣਗੇ, ਜੋ ਉਹਨਾਂ ਨੇ ਪਹਿਲਾਂ ਨਹੀਂ ਪੜ੍ਹੇ।

ਸਿੱਖਣ ਦੇ ਤਰੀਕੇ ਵੀ ਵੱਖੋ-ਵੱਖ ਹੋ ਸਕਦੇ ਹਨ। ਤੁਹਾਡੇ ਬੱਚੇ ਤੋਂ ਸ਼ਾਇਦ ਬੱਸ ਚੁੱਪਚਾਪ ਸੁਣਨ ਦੀ ਬਜਾਏ ਸਬਕ ਵਿੱਚ ਹੋਰ ਹਿੱਸਾ ਲੈਣ ਦੀ ਉਮੀਦ ਕੀਤੀ ਜਾ ਸਕਦੀ ਹੈ। ਅਧਿਆਪਕ ਸਵਾਲ ਪੁੱਛਣ ਅਤੇ ਚਰਚਾ ਕਰਨ ਲਈ ਪ੍ਰੇਰਤ ਕਰ ਸਕਦਾ ਹੈ ਅਤੇ ਕਈ ਵਾਰੀ ਕਲਾਸ ਨੂੰ ਛੋਟੇ ਸਮੂਹਾਂ ਵਿੱਚ ਇਕੱਠੇ ਕੰਮ ਕਰਨ ਲਈ ਕਹੇਗਾ।

### *ਮੁੱਖ ਵਿਸ਼ੇ*
ਵਿਦਿਆਰਥੀਆਂ ਨੂੰ ਸਕੂਲ ਵਿੱਚ ਕਈ ਵੱਖ-ਵੱਖ ਵਿਸ਼ੇ ਪੜ੍ਹਾਏ ਜਾਂਦੇ ਹਨ। ਕਾਨੂੰਨ ਮੁਤਾਬਕ, ਇੰਗਲੈਂਡ ਅਤੇ ਵੇਲਜ਼ ਵਿੱਚ ਸਕੂਲਾਂ ਲਈ ਅੰਗਰੇਜ਼ੀ, ਗਣਿਤ, ਵਿਗਿਆਨ, ਡਿਜ਼ਾਈਨ ਅਤੇ ਤਕਨਾਲੋਜੀ, ਜਾਣਕਾਰੀ ਅਤੇ ਸੰਚਾਰ ਤਕਨਾਲੋਜੀ (ICT), ਇਤਿਹਾਸ, ਭੂਗੋਲ, ਅੰਗਰੇਜ਼ੀ ਦੀ ਬਜਾਏ ਕੋਈ ਹੋਰ ਦੂਜੀ ਭਾਸ਼ਾ, ਕਲਾ ਅਤੇ ਡਿਜ਼ਾਈਨ, ਸੰਗੀਤ, ਸਰੀਰਕ ਸਿੱਖਿਆ (Physical Education - PE) ਅਤੇ ਨਾਗਰਿਕਤਾ, ਜਿਸਨੂੰ ਵੇਲਜ਼ ਵਿੱਚ PSE ਵਜੋਂ ਜਾਣਿਆ ਜਾਂਦਾ ਹੈ, ਪੜ੍ਹਾਏ ਜਾਣੇ ਲਾਜ਼ਮੀ ਹਨ।

ਸਕੌਟਲੈਂਡ ਅਤੇ ਨੌਰਦਰਨ ਆਇਰਲੈਂਡ ਵਿੱਚ, ਸਕੂਲ ਇਹੋ ਜਿਹੇ ਵਿਸ਼ਿਆਂ ਦੀ ਹੀ ਸਿੱਖਿਆ ਮੁਹੱਈਆ ਕਰਦੇ ਹਨ, ਅਤੇ ਵੇਲਜ਼ ਵਿੱਚ, ਸਾਰੇ ਸਕੂਲਾਂ ਵਿੱਚ ਵੈਲਸ਼ ਭਾਸ਼ਾ ਪੜ੍ਹਾਈ ਜਾਂਦੀ ਹੈ।

14 ਸਾਲ ਜਾਂ ਵੱਧ ਉਮਰ ਦੇ ਵਿਦਿਆਰਥੀਆਂ ਨੂੰ ਨੌਕਰੀ ਲਈ ਤਿਆਰ ਹੋਣ ਵਿੱਚ ਮੱਦਦ ਕਰਨ ਜਾਂ 16 ਸਾਲ ਦੀ ਉਮਰ ਵਿੱਚ ਅਗਲੇਰੀ ਸਿੱਖਿਆ ਲਈ ਅਕਸਰ ਕੈਰੀਅਰ ਸਬੰਧੀ ਸਬਕ ਪੜ੍ਹਾਏ ਜਾਂਦੇ ਹਨ।

### *ਧਾਰਮਿਕ ਸਿੱਖਿਆ*
ਕਾਨੂੰਨ ਕਹਿੰਦਾ ਹੈ ਕਿ ਯੂਕੇ ਵਿੱਚ ਸਕੂਲਾਂ ਨੂੰ ਲਾਜ਼ਮੀ ਤੌਰ ਤੇ ਧਾਰਮਿਕ ਸਿੱਖਿਆ ਦੀ ਪੜ੍ਹਾਈ ਕਰਾਉਣੀ ਚਾਹੀਦੀ ਹੈ, ਭਾਵੇਂ ਸਾਰੇ ਸਕੂਲ ਕਨੂੰਨ ਦੀ ਸਖਤੀ ਨਾਲ ਪਾਲਣਾ ਨਹੀਂ ਕਰਦੇ। ਸਬਕ ਅਕਸਰ ਧਾਰਮਿਕ ਮਾਮਲਿਆਂ ਦੀ ਬਜਾਏ ਨੈਤਿਕ ਹੁੰਦੇ ਹਨ। ਮਾਪੇ ਜਾਂ ਦੇਖਭਾਲ-ਕਰਤਾ ਆਪਣੇ ਬੱਚੇ ਦੇ ਇਹਨਾਂ ਵਿੱਚ ਸ਼ਾਮਲ ਨਾ ਹੋਣ ਬਾਰੇ ਪੁੱਛ ਸਕਦੇ ਹਨ।

### *ਅੰਗਰੇਜ਼ੀ ਵਿੱਚ ਮਦਦ*
ਸਕੂਲ ਵਿਦਿਆਰਥੀਆਂ ਨੂੰ, ਜੇ ਲੋੜ ਹੋਵੇ ਤਾਂ, ਅੰਗਰੇਜ਼ੀ ਵਿੱਚ ਵਾਧੂ ਮਦਦ ਦੇਣ ਦੇ ਯੋਗ ਹੋਣਾ ਚਾਹੀਦਾ ਹੈ। ਕੁਝ ਪਾਠਾਂ ਵਿੱਚ ਉਹਨਾਂ ਨੂੰ ਸ਼ਾਇਦ ਕਿਸੇ ਹੋਰ ਬਾਲਗ ਵੱਲੋਂ ਸਹਾਇਤਾ ਮਿਲੇ ਜਿਸਨੂੰ ਕਲਾਸਰੂਮ ਅਸਿਸਟੈਂਟ ਵਜੋਂ ਜਾਣਿਆ ਜਾਂਦਾ ਹੈ। ਕਈ ਵਾਰੀ ਅਧਿਆਪਕ ਵੀ ਦੁਪਹਿਰ ਦੇ ਖਾਣੇ ਸਮੇਂ ਲੋਕਾਂ ਨੂੰ ਸਿੱਖਣ ਵਿੱਚ ਮਦਦ ਲਈ ਕਲਾਸਾਂ ਚਲਾਉਂਦੇ ਹਨ।

ਜੇ ਤੁਹਾਡੇ ਬੱਚੇ ਦੀ ਅੰਗਰੇਜ਼ੀ ਢੁੱਕਵੇਂ ਪੱਧਰ ਦੀ ਨਹੀਂ ਹੈ, ਤਾਂ ਅਧਿਆਪਕ ਇਹ ਫ਼ੈਸਲਾ ਕਰ ਸਕਦੇ ਹਨ ਕਿ ਤੁਹਾਡੇ ਬੱਚੇ ਲਈ ਉਹਨਾਂ ਵਿਦਿਆਰਥੀਆਂ ਨਾਲ ਕੰਮ ਕਰਨਾ ਸ਼ਾਇਦ ਸੁਖਾਲਾ ਹੋਵੇ ਜੋ ਤੁਹਾਡੇ ਬੱਚੇ ਦੀ ਉਮਰ ਤੋਂ ਥੋੜ੍ਹੇ ਛੋਟੇ ਹਨ।

### *ਵਾਧੂ ਸਰਗਰਮੀਆਂ*
ਸਕੂਲ ਆਮ ਪਾਠਾਂ ਤੋਂ ਇਲਾਵਾ ਵਾਧੂ ਸਰਗਰਮੀਆਂ ਕਰਵਾ ਸਕਦਾ ਹੈ, ਜਿਵੇਂ ਕਿ ਖੇਡਾਂ ਜਾਂ ਸੰਗੀਤ ਦੇ ਕਲੱਬ। ਇਹਨਾਂ ਵਿੱਚ ਭਾਗ ਲੈਣ ਨਾਲ ਤੁਹਾਡੇ ਬੱਚੇ ਨੂੰ ਦੋਸਤ ਬਣਾਉਣ ਅਤੇ ਕਾਲਜ ਜਾਂ ਯੂਨੀਵਰਸਿਟੀ ਵਿੱਚ ਕੰਮ ਜਾਂ ਜਗਹ ਲਈ ਅਰਜ਼ੀ ਦੇਣ ਵਿੱਚ ਮਦਦ ਮਿਲੇਗੀ।

## ਬਰਾਬਰ ਦੇ ਮੌਕੇ
ਯੂਕੇ ਵਿੱਚ, ਲਾਜ਼ਮੀ ਹੈ ਕਿ ਹਰੇਕ ਬੱਚੇ ਨੂੰ ਸਕੂਲ ਵਿੱਚ ਬਰਾਬਰ ਦੇ ਮੌਕੇ ਦਿੱਤੇ ਜਾਣ। ਬੱਚਿਆਂ ਨੂੰ ਉਹਨਾਂ ਦੇ ਲਿੰਗ, ਨਸਲ, ਧਰਮ ਜਾਂ ਲਿੰਗ-ਭੇਦ, ਜਾਂ ਕਿਸੇ ਅਯੋਗਤਾ ਕਾਰਨ ਰੋਕਣਾ ਕਿਸੇ ਸਕੂਲ ਜਾਂ ਕਾਲਜ ਲਈ ਕਾਨੂੰਨ ਦੇ ਵਿਰੁੱਧ ਹੈ। ਮੁੰਡਿਆਂ ਅਤੇ ਕੁੜੀਆਂ ਨੂੰ ਇੱਕੋ ਜਿਹੇ ਸਬਕ ਲੈਣ ਦਾ ਅਧਿਕਾਰ ਹੈ ਅਤੇ ਉਹਨਾਂ ਨਾਲ ਇੱਕੋ ਢੰਗ ਨਾਲ ਸਲੂਕ ਕੀਤਾ ਜਾਣਾ ਚਾਹੀਦਾ ਹੈ।

## ਸਕੂਲ ਦੇ ਨਿਯਮ
ਤੁਹਾਡਾ ਬੱਚਾ ਜਦੋਂ ਪਹਿਲੀ ਵਾਰ ਸਕੂਲ ਆਏਗਾ ਤਾਂ ਉਸਨੂੰ ਸ਼ਾਇਦ ਸਕੂਲ ਦੇ ਨਿਯਮਾਂ ਦੀ ਕਾਪੀ ਦਿੱਤੀ ਜਾਵੇਗੀ। ਇਹਨਾਂ ਵਿੱਚ ਸਕੂਲ ਦੀ ਵਰਦੀ, ਗਹਿਣੇ ਪਹਿਨਣਾ, ਮੋਬਾਈਲ ਫ਼ੋਨਾਂ ਦੀ ਵਰਤੋਂ ਅਤੇ ਸਕੂਲ ਵਿੱਚ ਆਮ ਆਚਰਣ ਵਰਗੀਆਂ ਗੱਲਾਂ ਸ਼ਾਮਲ ਹੋਣਗੀਆਂ।

## ਸਕੂਲ ਵਿੱਚ ਮੁਸ਼ਕਲਾਂ
ਜੇ ਤੁਹਾਡੇ ਬੱਚੇ ਨੂੰ ਸਕੂਲ ਵਿੱਚ ਕੋਈ ਮੁਸ਼ਕਲ ਹੈ ਤਾਂ ਉਸਨੂੰ ਇਸ ਬਾਰੇ ਤੁਰੰਤ ਕਿਸੇ ਨੂੰ ਦੱਸਣਾ ਚਾਹੀਦਾ ਹੈ। ਮਾਪਿਆਂ ਜਾਂ ਦੇਖਭਾਲ-ਕਰਤਿਆਂ ਲਈ ਕਿਸੇ ਅਧਿਆਪਕ ਨਾਲ ਗੱਲ ਕਰਨ ਲਈ ਅਪੁਆਇੰਟਮੈਂਟ ਲੈਣਾ ਹਮੇਸ਼ਾ ਸੰਭਵ ਹੁੰਦਾ ਹੈ।

## ਹਾਜ਼ਰੀ
ਇਹ ਅਹਿਮ ਹੈ ਕਿ ਤੁਹਾਡਾ ਬੱਚਾ ਬਾਕਾਇਦਾ ਸਕੂਲ ਜਾਵੇ ਅਤੇ ਸਮੇਂ ਸਿਰ ਪਹੁੰਚੇ। ਜੇ ਤੁਹਾਨੂੰ ਪਤਾ ਹੈ ਕਿ ਤੁਹਾਡਾ ਬੱਚਾ ਕਿਤੇ ਜਾਣ ਵਾਲਾ ਹੈ, ਤਾਂ ਤੁਹਾਨੂੰ ਪਹਿਲਾਂ ਹੀ ਅਧਿਆਪਕ ਨੂੰ ਦੱਸ ਦੇਣਾ ਚਾਹੀਦਾ ਹੈ। ਜੇ ਤੁਹਾਡਾ ਬੱਚਾ ਸਕੂਲ ਜਾਣ ਦੇ ਯੋਗ ਨਹੀਂ

ਹੈ ਕਿਉਂਕਿ ਉਹ ਬੀਮਾਰ ਹੈ, ਤਾਂ ਤੁਹਾਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਕੂਲ ਨੂੰ ਜਿੰਨੀ ਛੇਤੀ ਹੋ ਸਕੇ ਪਤਾ ਹੋਵੇ। ਜਦੋਂ ਤੁਹਾਡਾ ਬੱਚਾ ਸਕੂਲ ਵਾਪਸ ਜਾਂਦਾ ਹੈ, ਤਾਂ ਤੁਹਾਨੂੰ ਇਹ ਵਿਸਥਾਰ ਨਾਲ ਦਸਦੇ ਹੋਏ ਇੱਕ ਨੋਟ ਦੇਣਾ ਚਾਹੀਦਾ ਹੈ ਕਿ ਉਹ ਸਕੂਲ ਕਿਉਂ ਨਹੀਂ ਆਇਆ ਜਾਂ ਆਈ।

ਜੇ ਤੁਹਾਡਾ ਬੱਚਾ ਅਕਸਰ ਸਕੂਲ ਤੋਂ ਗੈਰਹਾਜ਼ਰ ਹੁੰਦਾ ਹੈ, ਤਾਂ ਤੁਹਾਨੂੰ ਇੱਕ ਐਜੂਕੇਸ਼ਨਲ ਵੈਲਫੇਅਰ ਆਫ਼ਿਸਰ (educational welfare officer) ਮਿਲੇਗਾ ਜੋ ਤੁਹਾਡੇ ਬੱਚੇ ਦੀ ਹਾਜ਼ਰੀ ਵਿੱਚ ਸੁਧਾਰ ਲਿਆਉਣ ਲਈ ਤੁਹਾਡੀ ਅਤੇ ਤੁਹਾਡੇ ਪਰਿਵਾਰ ਦੀ ਮਦਦ ਕਰਨ ਦੀ ਕੋਸ਼ਿਸ਼ ਕਰੇਗਾ।

ਕਿਸੇ ਅਜਿਹੇ ਬੱਚੇ ਜੋ ਸਕੂਲ ਨਹੀਂ ਜਾਂਦਾ, ਦੇ ਮਾਪਿਆਂ ਨੂੰ ਜੁਰਮਾਨਾ ਦੇਣਾ ਪੈ ਸਕਦਾ ਹੈ – ਜਾਂ, ਕੁਝ ਸੰਗੀਨ ਮਾਮਲਿਆਂ ਵਿੱਚ, ਜੇਲ੍ਹ ਭੇਜਿਆ ਜਾ ਸਕਦਾ ਹੈ।

### ਪ੍ਰੀਖਿਆਵਾਂ

ਇੰਗਲੈਂਡ ਵਿੱਚ ਗਿਆਰਾਂ ਅਤੇ ਚੌਦਾਂ ਸਾਲ ਦੇ ਵਿਦਿਆਰਥੀਆਂ ਦੀ ਅੰਗਰੇਜ਼ੀ, ਗਣਿਤ ਅਤੇ ਵਿਗਿਆਨ ਦੀ ਪ੍ਰੀਖਿਆ ਲਈ ਜਾਂਦੀ ਹੈ।

16 ਸਾਲ ਦੀ ਉਮਰ ਵਿੱਚ, ਇੰਗਲੈਂਡ, ਵੇਲਜ਼ ਅਤੇ ਨੌਰਦਰਨ ਆਇਰਲੈਂਡ ਵਿੱਚ ਜ਼ਿਆਦਾਤਰ ਨੌਜਵਾਨ ਆਪਣੇ ਸਾਰੇ ਵਿਸ਼ਿਆਂ ਵਿੱਚ ਇਮਤਿਹਾਨ ਦਿੰਦੇ ਹਨ। ਇਹਨਾਂ ਨੂੰ GCSEs ਕਿਹਾ ਜਾਂਦਾ ਹੈ ਅਤੇ ਇਹ ਰੁਜ਼ਗਾਰ ਅਤੇ ਅਗਲੇਰੀ ਸਿੱਖਿਆ ਲਈ ਮਹੱਤਵਪੂਰਨ ਯੋਗਤਾਵਾਂ ਹੁੰਦਿਆਂ ਹਨ।

ਇਸ ਮਗਰੋਂ, ਵੱਡੇ ਵਿਦਿਆਰਥੀ ਕਈ ਹੋਰ ਯੋਗਤਾਵਾਂ ਲੈ ਸਕਦੇ ਹਨ, ਜਿਹਨਾਂ ਦਾ ਸਬੰਧ ਜਾਂ ਤਾਂ ਸਕੂਲ ਦੇ ਵਿਸ਼ਿਆਂ (AS ਅਤੇ A2 ਪੱਧਰਾਂ) ਜਾਂ ਹੋਰਨਾਂ ਹੁਨਰਾਂ ਅਤੇ ਕੈਰੀਅਰ ਨਾਲ ਹੁੰਦਾ ਹੈ।

ਸਕੌਟਲੈਂਡ ਵਿੱਚ ਪ੍ਰੀਖਿਆਵਾਂ ਵੱਖਰੀਆਂ ਹੁੰਦੀਆਂ ਹਨ। 16 ਸਾਲ ਦੀ ਉਮਰ ਦੇ ਜ਼ਿਆਦਾਤਰ ਵਿਦਿਆਰਥੀ ਅੰਗਰੇਜ਼ੀ, ਗਣਿਤ, ਇੱਕ ਵਿਦੇਸ਼ੀ ਭਾਸ਼ਾ, ਵਿਗਿਆਨ ਅਤੇ ਇੱਕ ਸਮਾਜਕ ਵਿਸ਼ੇ ਵਿੱਚ ਲਾਜ਼ਮੀ ਪ੍ਰੀਖਿਆਵਾਂ ਸਮੇਤ ਪੰਜ ਜਾਂ ਵੱਧ ਵਿਸ਼ਿਆਂ ਵਿੱਚ ਸਟੈਂਡਰਡ ਗ੍ਰੇਡ ਪ੍ਰੀਖਿਆਵਾਂ ਦਿੰਦੇ ਹਨ। ਇਸਤੋਂ ਮਗਰੋਂ, ਵਿਦਿਆਰਥੀ ਸਕੂਲ ਜਾਂ ਕਾਲਜ ਵਿਖੇ ਇੱਕ ਜਾਂ ਦੋ ਸਾਲਾਂ ਲਈ ਨੈਸ਼ਨਲ ਕੁਆਲੀਫ਼ਿਕੇਸ਼ਨਜ਼ ਲੈ ਸਕਦੇ ਹਨ। ਇਹਨਾਂ ਦੀ ਪ੍ਰੀਖਿਆ ਵੱਖ-ਵੱਖ ਪੱਧਰਾਂ ਤੇ ਲਈ ਜਾਂਦੀ ਹੈ, ਜਿਹਨਾਂ ਨੂੰ ਐਕਸੈੱਸ (Access), ਇੰਟਰਮੀਡੀਏਟ (Intermediate) ਅਤੇ ਹਾਇਰ (Higher) ਵਜੋਂ ਜਾਣਿਆ ਜਾਂਦਾ ਹੈ।

### 16 ਸਾਲ ਦੀ ਉਮਰ ਮਗਰੋਂ

ਇੰਗਲੈਂਡ ਅਤੇ ਵੇਲਜ਼ ਵਿੱਚ ਲਾਜ਼ਮੀ ਹੈ ਕਿ ਨੌਜਵਾਨ ਉਸ ਸਕੂਲ ਵਰ੍ਹੇ ਜਿਸ ਵਿੱਚ ਉਹ 16 ਸਾਲ ਦੇ ਹੋਣ, ਵਿੱਚ ਜੂਨ ਦੇ ਆਖਰੀ ਸ਼ੁੱਕਰਵਾਰ ਤੱਕ ਸਕੂਲ ਵਿੱਚ ਰਹਿਣ। ਸਕੌਟਲੈਂਡ ਵਿੱਚ, ਕੁਝ ਵਿਦਿਆਰਥੀ ਆਪਣੀ ਜਨਮ ਦੀ ਤਾਰੀਖ ਤੇ ਨਿਰਭਰ ਕਰਦੇ ਹੋਏ ਪਹਿਲਾਂ ਛੱਡ ਸਕਦੇ ਹਨ।

ਜੇ ਤੁਹਾਡਾ ਬੱਚਾ 16 ਸਾਲ ਦੀ ਉਮਰ ਮਗਰੋਂ ਆਪਣੀ ਪੜ੍ਹਾਈ ਜਾਰੀ ਰੱਖਣ ਦਾ ਫ਼ੈਸਲਾ ਕਰਦਾ ਹੈ, ਤਾਂ ਉਸਨੂੰ ਇਹ ਫ਼ੈਸਲਾ ਕਰਨਾ ਪਏਗਾ ਕਿ ਕੀ ਉਸਨੇ ਸਕੂਲ ਵਿੱਚ ਹੀ ਰਹਿਣਾ ਹੈ ਜਾਂ ਕਾਲਜ ਜਾਣਾ ਹੈ।

### ਸਕੂਲ ਵਿੱਚ ਹੀ ਰਹਿਣਾ

ਕਈ ਸਕੂਲ 16 - 19 ਸਾਲ ਦੇ ਵਿਦਿਆਰਥੀਆਂ ਲਈ ਇੱਕ ਅਤੇ ਦੋ ਸਾਲ ਦੇ ਕੋਰਸ ਪ੍ਰਦਾਨ ਕਰਦੇ ਹਨ। ਇਹ ਉਹ ਵਿਦਿਆਰਥੀ ਹਨ ਜੋ ਜਾਂ ਤਾਂ:

- ਆਪਣੇ ਪ੍ਰੀਖਿਆ ਗ੍ਰੇਡ ਸੁਧਾਰਨਾ ਚਾਹੁੰਦੇ ਹਨ
- ਰੁਜ਼ਗਾਰ ਲਈ ਸਿਖਲਾਈ ਸ਼ੁਰੂ ਕਰਨਾ ਚਾਹੁੰਦੇ ਹਨ ਜਾਂ
- ਯੂਨੀਵਰਸਿਟੀ ਜਾਣ ਦੀ ਉਮੀਦ ਰਖਦੇ ਹਨ

ਸਕੂਲ ਵਿੱਚ ਇਸ ਸਮੇਂ ਨੂੰ ਸਿਕਸਥ ਫ਼ਾਰਮ (Sixth Form) ਵਜੋਂ ਜਾਣਿਆ ਜਾਂਦਾ ਹੈ।

### ਸਕੂਲ ਛੱਡਣਾ

ਜਿਹੜੇ ਵਿਦਿਆਰਥੀ 16 ਸਾਲ ਦੀ ਉਮਰ ਵਿੱਚ ਸਕੂਲ ਛੱਡਣਾ ਚਾਹੁੰਦੇ ਹਨ, ਉਹਨਾਂ ਕੋਲ ਕਾਲਜ ਵਿੱਚ ਨੌਕਰੀ ਜਾਂ ਸਿਖਲਾਈ,

ਜਾਂ ਥਾਂ ਲੱਭਣ ਦਾ ਮੌਕਾ ਹੁੰਦਾ ਹੈ। ਹਾਲਾਂਕਿ, ਇਹਨਾਂ ਵਿੱਚੋਂ ਕਿਸੇ ਲਈ ਵੀ ਤੁਹਾਡੇ ਬੱਚੇ ਦਾ ਅਧਿਕਾਰ ਉਸਦੀ ਇਮੀਗ੍ਰੇਸ਼ਨ ਸਥਿਤੀ ਤੇ ਨਿਰਭਰ ਕਰੇਗਾ।

ਕੀ ਕਰਨਾ ਬਿਹਤਰੀਨ ਹੈ, ਇਸ ਬਾਰੇ ਫ਼ੈਸਲਾ ਕਰਨ ਵਿੱਚ ਮਦਦ ਸਕੂਲ ਤੋਂ ਅਤੇ ਕੁਨੈਕਸ਼ਨਜ਼ ਸਰਵਿਸ (Connexionns Service) ਰਾਹੀਂ ਉਪਲਬਧ ਹੈ।

*ਕੁਨੈਕਸ਼ਨਜ਼ ਸੇਵਾ*

ਇਹ ਉਸ ਸੇਵਾ ਦਾ ਨਾਮ ਹੈ ਜਿਹੜੀ ਨੌਜਵਾਨਾਂ ਨੂੰ ਵੱਖ ਵੱਖ ਤਰ੍ਹਾਂ ਦੇ ਬਹੁਤ ਸਾਰੇ ਮੁੱਦਿਆਂ ਤੇ ਸਲਾਹ ਦਿੰਦੀ ਹੈ। ਇਹਨਾਂ ਵਿੱਚ ਸਿੱਖਿਆ, ਕੰਮ ਅਤੇ ਸਿਖਲਾਈ ਸ਼ਾਮਲ ਹੁੰਦੇ ਹਨ – ਪਰ ਹੋਰ ਚੀਜ਼ਾਂ ਵੀ ਸ਼ਾਮਲ ਹੁੰਦੀਆਂ ਹਨ, ਜਿਵੇਂ ਕਿ ਹਾਊਸਿੰਗ, ਸਿਹਤ ਅਤੇ ਪੈਸਾ।

ਕੁਨੈਕਸ਼ਨਜ਼ ਸਰਵਿਸ ਤੋਂ ਸਕੂਲਾਂ ਅਤੇ ਕਾਲਜਾਂ ਵਿੱਚ ਸਲਾਹ ਸਥਾਨਕ ਦਫ਼ਤਰਾਂ ਤੋਂ ਅਤੇ ਇੰਟਰਨੈੱਟ http://www.connexions.gov.uk/ ਤੇ ਉਪਲਬਧ ਹੁੰਦੀ ਹੈ।

## ਅਗਲੇਰੀ ਸਿੱਖਿਆ

ਅਗਲੇਰੀ ਸਿੱਖਿਆ ਤੋਂ ਭਾਵ 16 ਸਾਲ ਅਤੇ ਵੱਧ ਉਮਰ ਦੇ ਨੌਜਵਾਨਾਂ ਲਈ ਸਕੂਲ ਜਾਂ ਕਾਲਜ ਵਿਖੇ ਸਿੱਖਿਆ ਤੋਂ ਹੈ।

*ਕਾਲਜ ਜਾਣਾ*

ਤੁਹਾਡਾ ਸਥਾਨਕ ਅਗਲੇਰੀ ਸਿੱਖਿਆ ਦਾ ਕਾਲਜ 16 - 19 ਸਾਲ ਦੀ ਉਮਰ ਦੇ ਵਿਦਿਆਰਥੀਆਂ ਲਈ ਵੱਖ-ਵੱਖ ਤਰ੍ਹਾਂ ਦੇ ਕੋਰਸ ਪ੍ਰਦਾਨ ਕਰੇਗਾ। ਕੁਝ ਕੋਰਸ ਆਪਣੇ ਪ੍ਰੀਖਿਆ ਗ੍ਰੇਡਾਂ ਨੂੰ ਸੁਧਾਰਨ ਜਾਂ ਯੂਨੀਵਰਸਿਟੀ ਜਾਣ ਦੀ ਉਮੀਦ ਰਖਦੇ ਵਿਦਿਆਰਥੀਆਂ ਲਈ ਹੋਣਗੇ। ਹੋਰ ਕੋਰਸ ਉਹਨਾਂ ਵਿਦਿਆਰਥੀਆਂ ਲਈ ਹੋਣਗੇ ਜੋ ਕੈਰੀਅਰ ਲਈ ਸਿਖਲਾਈ ਪ੍ਰਾਪਤ ਕਰਨਾ ਚਾਹੁੰਦੇ ਹਨ। ਕਈ ਵਾਰੀ ਇਹ ਕੋਰਸ ਪੂਰੇ ਸਮੇਂ ਦੇ ਹੁੰਦੇ ਹਨ। ਕੁਝ ਪਾਰਟ-ਟਾਈਮ ਹੁੰਦੇ ਹਨ ਅਤੇ ਨਾਲ ਹੀ ਵਿਦਿਆਰਥੀਆਂ ਨੂੰ ਕੰਮ ਕਰਨ ਦੀ ਵੀ ਸਹੂਲਤ ਦਿੰਦੇ ਹਨ।

*ਦਾਖਲਾ ਲੋੜਾਂ*

ਭਾਵੇਂ ਕਿ ਤੁਹਾਡਾ ਬੱਚਾ ਸ਼ਾਇਦ ਕੋਈ ਅਜਿਹਾ ਕੋਰਸ ਲੱਭ ਸਕੇ ਜੋ ਉਹ ਕਰਨਾ ਚਾਹੁੰਦਾ ਹੈ, ਪਰ ਉਸਨੂੰ ਕੋਰਸ ਸ਼ੁਰੂ ਕਰਨ ਤੋਂ ਪਹਿਲਾਂ ਕੁਝ ਖਾਸ ਦਾਖਲਾ ਲੋੜਾਂ ਪੂਰੀਆਂ ਕਰਨੀਆਂ ਪੈਣਗੀਆਂ। ਤੁਹਾਡੇ ਬੱਚੇ ਨੂੰ ਇਹ ਦਿਖਾਉਣਾ ਪਏਗਾ ਕਿ ਉਸ ਕੋਲ:

- ਭਾਸ਼ਾ ਦੇ ਹੁਨਰ ਹਨ
- ਸਹੀ ਯੋਗਤਾਵਾਂ ਹਨ, ਮਿਸਾਲ ਲਈ ਪ੍ਰੀਖਿਆਵਾਂ ਵਿੱਚ ਵਧੀਆ ਨਤੀਜੇ
- ਫ਼ੀਸ ਦਾ ਭੁਗਤਾਨ ਕਰ ਸਕਦਾ ਜਾਂ ਸਕਦੀ ਹੈ ਅਤੇ ਪੜ੍ਹਾਈ ਕਰਦੇ ਕਰਦੇ ਆਪਣੇ ਆਪ ਨੂੰ ਸਹਾਰਾ ਦੇ ਸਕਦਾ ਜਾਂ ਸਕਦੀ ਹੈ

*ਅੰਗਰੇਜ਼ੀ ਸਿੱਖਣਾ*

ਕਈ ਕਾਲਜ ਆਪਣੀ ਅੰਗਰੇਜ਼ੀ ਸੁਧਾਰਨਾ ਚਾਹੁਣ ਵਾਲੇ ਲੋਕਾਂ ਲਈ ਕੋਰਸ ਚਲਾਉਂਦੇ ਹਨ। ਕੁਝ ਮੁੱਢਲੀ ਅੰਗਰੇਜ਼ੀ ਵਿੱਚ ਹੋ ਸਕਦੇ ਹਨ, ਜਦਕਿ ਹੋਰ ਵਧੇਰੇ ਉਚੇਰੀ ਵਿੱਚ ਜਾਂ ਖਾਸ ਤਰ੍ਹਾਂ ਦੇ ਕੰਮ ਨਾਲ ਸਬੰਧਤ ਹੋ ਸਕਦੇ ਹਨ।

ਹੋ ਸਕਦਾ ਹੈ ਤੁਹਾਨੂੰ ਇਹ ਵੀ ਪਤਾ ਲੱਗੇ ਕਿ ਅੰਗਰੇਜ਼ੀ ਕਲਾਸਾਂ ਸਥਾਨਕ ਅਡਲਟ ਐਜੂਕੇਸ਼ਨ ਸੈਂਟਰ (Adult Education Centre) ਵਿਖੇ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇਹ ਸੰਭਾਵਤ ਤੌਰ ਤੇ ਸ਼ਾਮ ਵੇਲੇ ਲੱਗਦੀਆਂ ਹਨ ਤਾਂ ਕਿ ਤੁਸੀਂ ਅਤੇ ਤੁਹਾਡਾ ਪਰਿਵਾਰ ਇਹਨਾਂ ਵਿੱਚ ਤਾਂ ਵੀ ਸ਼ਾਮਲ ਹੋ ਸਕੋ ਜੇ ਤੁਹਾਡੇ ਕੋਲ ਪੂਰੇ ਸਮੇਂ ਦੀ ਨੌਕਰੀ ਹੈ।

ਇੱਕ ਸਪੋਰਟ ਵਰਕਰ ਜਾਂ ਸਲਾਹਕਾਰ, ਕੁਨੈਕਸ਼ਨਜ਼ ਸਲਾਹਕਾਰ ਜਾਂ ਸਥਾਨਕ ਲਾਇਬ੍ਰੇਰੀ ਤੁਹਾਨੂੰ ਇਹਨਾਂ ਵਿੱਚੋਂ ਕਿਸੇ ਇੱਕ ਕੇਂਦਰ ਨਾਲ ਸੰਪਰਕ ਕਰਵਾ ਸਕਦੇ ਹਨ। ਇਹ ਕੋਰਸ ਮੁਫ਼ਤ ਜਾਂ ਘੱਟ ਖਰਚੇ ਦੇ ਹੋ ਸਕਦੇ ਹਨ, ਜੇ ਤੁਸੀਂ ਲਾਭ ਪ੍ਰਾਪਤ (benefits) ਕਰ ਰਹੇ ਹੋ ਜਾਂ ਤੁਹਾਡੀ ਆਮਦਨ ਘੱਟ ਹੈ।

## ਉਚੇਰੀ ਸਿੱਖਿਆ

ਡਿਗਰੀਆਂ ਅਤੇ ਵਿਸ਼ੇਸ਼ ਪੇਸ਼ੇਵਰ ਯੋਗਤਾਵਾਂ ਪ੍ਰਦਾਨ ਕਰ ਰਹੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਦਾ ਦੂਜਾ ਨਾਮ ਉਚੇਰੀ ਸਿੱਖਿਆ ਹੈ।

ਯੂਨੀਵਰਸਿਟੀ ਲਈ ਅਰਜ਼ੀਆਂ ਆਮ ਤੌਰ ਤੇ ਆਉਂਦੇ ਸਿਤੰਬਰ ਵਿੱਚ ਸ਼ੁਰੂ ਹੋਣ ਵਾਲੇ ਕੋਰਸਾਂ ਲਈ ਮਾਰਚ ਦੇ ਅਖੀਰ ਤੋਂ ਪਹਿਲਾਂ ਦਿੱਤੀਆਂ ਜਾਂਦੀਆਂ ਹਨ। ਹਾਲਾਂਕਿ, ਯੂਕੇ ਵਿੱਚ ਵਿਦਿਆਰਥੀ ਆਮ ਤੌਰ ਤੇ ਆਪਣੀ ਪਸੰਦ ਦੀ ਯੂਨੀਵਰਸਿਟੀ ਵਿੱਚ ਸਿੱਧਾ ਅਰਜ਼ੀ ਨਹੀਂ ਦਿੰਦੇ। ਲਗਭਗ ਸਾਰੀਆਂ ਅਰਜ਼ੀਆਂ ਹੀ UCAS ਵਜੋਂ ਜਾਣੀ ਜਾਂਦੀ ਸੰਸਥਾ ਰਾਹੀਂ ਦਿੱਤੀਆਂ ਜਾਂਦੀਆਂ ਹਨ। ਸਕੂਲ ਜਾਂ ਕਾਲਜ ਵਿੱਚ ਤੁਹਾਡੇ ਬੱਚੇ ਦਾ ਅਧਿਆਪਕ ਇਸਦੇ ਵੇਰਵੇ ਦੇ ਸਕਦਾ ਹੈ ਅਤੇ ਅਰਜ਼ੀ ਦੇਣ ਵਿੱਚ ਮਦਦ ਕਰ ਸਕਦਾ ਹੈ।

*ਖਰਚੇ*

ਜ਼ਿਆਦਾਤਰ ਵਿਦਿਆਰਥੀ ਜੋ ਅੱਜ ਅੰਗਰੇਜ਼ੀ ਜਾਂ ਵੈਲਸ਼ ਯੂਨੀਵਰਸਿਟੀਆਂ ਵਿੱਚ ਜਾਦੇ ਹਨ, ਉਹਨਾਂ ਨੂੰ ਆਪਣੇ ਰਹਿਣ-ਸਹਿਣ ਦੇ ਖਰਚਿਆਂ ਲਈ ਭੁਗਤਾਨ ਕਰਨਾ ਪੈਂਦਾ ਹੈ ਅਤੇ ਆਪਣੀ ਟਿਊਸ਼ਨ ਫ਼ੀਸ ਦੇ ਖਰਚੇ ਵਿੱਚ ਯੋਗਦਾਨ ਪਾਉਣਾ ਪੈਂਦਾ ਹੈ। ਸਕੌਟਲੈਂਡ ਵਿੱਚ ਵਿਦਿਆਰਥੀਆਂ ਨੂੰ ਸਿਰਫ ਆਪਣੇ ਰਹਿਣ-ਸਹਿਣ ਦੇ ਖਰਚਿਆਂ ਦਾ ਭੁਗਤਾਨ ਕਰਨਾ ਪੈਂਦਾ ਹੈ।

ਬ੍ਰਿਟਿਸ਼ ਯੂਨੀਵਰਸਿਟੀਆਂ ਵਿੱਚ ਟਿਊਸ਼ਨ ਫ਼ੀਸ ਦੀਆਂ ਦੋ ਦਰਾਂ ਹਨ – ਘਰੇਲੂ ਅਤੇ ਵਿਦੇਸ਼ੀ ਵਿਦਿਆਰਥੀਆਂ ਲਈ ਦਰਾਂ। ਵਿਦੇਸ਼ੀ ਦਰ ਬਹੁਤ ਉਚੇਰੀ ਹੁੰਦੀ ਹੈ।

ਯੂਕੇ ਵਿੱਚ ਜ਼ਿਆਦਾਤਰ ਵਿਦਿਆਰਥੀ ਸਰਕਾਰੀ ਸਮਰਥਨ ਪ੍ਰਾਪਤ ਸਟੂਡੈਂਟ ਲੋਨਜ਼ ਸਕੀਮ (ਛਵਚਦਕਅਵ :ਗ਼ਅਤ ਛਫੀਕਠਕ) ਰਾਹੀਂ ਆਪਣੇ ਰਹਿਣ-ਸਹਿਣ ਦੇ ਖਰਚਿਆਂ ਵਿੱਚ ਮਦਦ ਲਈ ਕਰਜ਼ਾ ਲੈਂਦੇ ਹਨ। ਵਧੇਰੇ ਜਾਣਕਾਰੀ http://www.studentfinancedirect.co.uk/ ਤੋਂ ਜਾਂ 08456 077577 ਤੇ ਫ਼ੋਨ ਕਰਕੇ ਉਪਲਬਧ ਹੈ।

ਵਿਦਿਆਰਥੀ ਆਪਣਾ ਕਰਜ਼ਾ ਉਦੋਂ ਵਾਪਸ ਕਰਦੇ ਹਨ ਜਦੋਂ ਉਹਨਾਂ ਨੇ ਯੂਨੀਵਰਸਿਟੀ ਛੱਡ ਦਿੱਤੀ ਹੋਵੇ ਅਤੇ ਜਦੋਂ ਉਹਨਾਂ ਦੀ ਆਮਦਨ ਇੱਕ ਖਾਸ ਪੱਧਰ ਤੇ ਪਹੁੰਚ ਗਈ ਹੋਵੇ, ਤਾਂ ਉਹਨਾਂ ਦੀ ਤਨਖਾਹ ਵਿੱਚੋਂ ਆਪਣੇ ਆਪ ਹੀ ਹਰੇਕ ਮਹੀਨੇ ਇੱਕ ਮਿੱਥੀ ਹੋਈ ਰਕਮ ਕੱਟ ਲਈ ਜਾਂਦੀ ਹੈ।



# ਸੇਹਤ ਅਤੇ ਦੇਖਭਾਲ

## ਇੱਕ ਨਜ਼ਰ

ਜੇਕਰ ਤੁਸੀ ਇੰਗਲੈਂਡ ਵਿੱਚ ਰਹਿੰਦੇ ਹੋ, ਤੁਸੀ ਰਾਸ਼ਟਰੀ ਸੇਹਤ ਸੇਵਾ (ਐਨਐਚਐਸ) ਤੋਂ ਮੈਡੀਕਲ ਦੇਖਭਾਲ ਮਦਦ ਪ੍ਰਾਪਤ ਕਰਨ ਦੇ ਹੱਕਦਾਰ ਹੋ। ਜਿਆਦਾਤਰ ਐਲਐਚਐਸ ਸੇਵਾਵਾਂ ਮੁਫ਼ਤ ਹਨ, ਪਰ ਸਿਰਫ਼ ਕੁਝ ਲਈ ਭੁੱਗਤਾਨ ਕਰਨਾ ਪੈਂਦਾ ਹੈ, ਜਿਵੇਂ ਨੁਸਖੇ* (ਇਹ ਦਵਾਈ ਲਈ ਮਾਨਕ ਸ਼ੁਲਕ ਹੈ), ਅੱਖਾਂ ਦੀ ਰੋਸ਼ਨੀ ਦੀ ਜਾਂਚ, ਚਸ਼ਮੇ ਅਤੇ ਦੰਦਾਂ ਦਾ ਇਲਾਜ।**

ਜੇਕਰ ਤੁਸੀ ਰਾਜਏ ਨਫ਼ੇ ਪ੍ਰਾਪਤ ਕਰ ਰਹੇ ਹੋ, ਤੁਸੀ ਇਹਨਾਂ ਲਾਗਤਾਂ ਤੇ ਮਦਦ ਪ੍ਰਾਪਤ ਕਰਨ ਦੇ ਹੱਕਦਾਰ ਹੋ ਸਕਦੇ ਹੋ। ਇਸ ਮਦਦ ਲਈ ਨਿਵੇਦਨ ਕਰਨ ਲਈ ਤੁਹਾਨੂੰ ਵੇਰਵੇਵਾਰ ਫਾਰਮ ਭਰਣਾ ਪਵੇਗਾ ਜੋ ਤੁਸੀ ਡਾਕਟਰ, ਦੰਦਾਂ ਦੇ ਡਾਕਟਰ ਜਾਂ ਫਾਰਮੇਸੀ ਤੋਂ ਪ੍ਰਾਪਤ ਕਰ ਸਕਦੇ ਹੋ।

ਇੰਗਲੈਂਡ ਦੇ ਨਾਗਰਿਕ ਆਪਣ. ਆਮਦਨ ਤੋਂ ਰਾਸ਼ਟਰੀ ਬੀਮਾ ਭੁੱਗਤਾਨ ਕੱਟਵਾ ਕੇ ਐਨਐਚਐਸ ਯੋਜਨਾ ਨੂੰ ਯੋਗਦਾਨ ਦਿੰਦੇ ਹਨ।

ਜੇਕਰ ਤੁਸੀ 3 ਮਹੀਨੇ ਤੋਂ ਵੱਧ ਸਮੇਂ ਲਈ ਇੰਗਲੈਂਡ ਵਿੱਚ ਰਹਿਣ ਦੀ ਯੋਜਨਾ ਬਣਾ ਰਹੇ ਹੋ, ਇਹ ਮਹੱਤਵਪੂਰਨ ਹੈ ਕਿ ਤੁਸੀ ਆਪਣੇ ਸਭ ਤੋਂ ਨਜ਼ਦੀਕੀ ਮੈਡੀਕਲ ਪ੍ਰੈਕਟਿਸ ਵਿੱਚ ਆਪਣੇ ਸਥਾਨੱਕ ਡਾਕਟਰ ਅਤੇ ਦੰਦਾਂ ਦੇ ਡਾਕਟਰ ਕੋਲ ਪੰਜੀਕਰਣ ਕਰਵਾਓ। ਤੱਦ ਤੱਕ ਉਡੀਕ ਨਾ ਕਰੋ ਜਦੋਂ ਤੁਸੀ ਜਾਂ ਤੁਹਾਡੇ ਪਰਿਵਾਰ ਦਾ ਕੋਈ ਬੰਦਾ ਪੰਜੀਕਰਣ ਕਰਵਾਉਣ ਲਈ ਠੀਕ ਨਾ ਹੋਵੇ।

*ਗਰਭ ਨਿਰੋਧਕ ਗੋਲੀ ਤੇ ਨੁਸਖੇ ਦੇ ਭੁੱਗਤਾਨ ਤੋਂ ਛੂਟ ਮਿਲਦੀ ਹੈ।
**ਜੇ ਤੁਸੀਂ ਸਕੌਟਲੈਂਡ ਵਿੱਚ ਰਹਿੰਦੇ ਹੋ ਤਾਂ ਅੱਖਾਂ ਅਤੇ ਦੰਦਾਂ ਦੇ ਮੁਆਇਨੇ ਮੁਫ਼ਤ ਹੁੰਦੇ ਹਨ।

## ਡਾਕਟਰ ਨਾਲ ਪੰਜੀਕਰਣ ਕਰਵਾਉਣਾ

ਇੰਗਲੈਂਡ ਵਿੱਚਲੇ ਡਾਕਟਰਾਂ ਨੂੰ ਆਮਤੌਰ ਤੇ 'ਆਮ ਅਭਿਆਸਕਰਤਾ' ਆਖਿਆ ਜਾਂਦਾ ਹੈ ਅਤੇ ਇਹ ਹਸਪਤਾਲ ਦੀ ਬਜਾਏ ਸਥਾਨੱਕ ਸਰਜਰੀ ਵਿੱਚ ਕੰਮ ਕਰਦੇ ਡਾਕਟਰਾਂ ਦਾ ਸੰਦਰਭ ਦਿੰਦਾ ਹੈ। ਜਦੋਂ ਤੁਸੀ ਆਪਣੇ ਸਭ ਤੋਂ ਨਜ਼ਦੀਕੀ ਡਾਕਟਰ ਦੀ ਸਰਜਰੀ ਤੇ ਜਾਂਦੇ ਹੋ, ਤੁਹਾਨੂੰ ਪੰਜੀਕਰਣ ਫਾਰਮ ਭਰਣ ਲਈ ਆਖਿਆ ਜਾਵੇਗਾ। ਤੁਹਾਨੂੰ ਆਪਣੇ ਪਤੇ, ਕੋਈ ਵੀ ਪਿਛਲੀ ਜਾਂ ਮੌਜੂਦਾ ਮੈਡੀਕਲ ਸਥਿਤੀ ਅਤੇ ਸੰਪਰਕ ਟੇਲਿਫ਼ੋਨ ਨੰਬਰ ਬਾਰੇ ਜਾਣਕਾਰੀ ਮੁਹਈਆ ਕਰਾਉਣ ਲਈ ਆਖਿਆ ਜਾਵੇਗਾ।

## ਆਪਣੇ ਡਾਕਟਰ ਦੀ ਸਰਜਰੀ ਵਿੱਖੇ ਮੁਲਾਕਾਤ ਨਿਰਧਾਰਿਤ ਕਰਨਾ

ਡਾਕਟਰ ਦੀ ਸਰਜਰੀ ਆਮਤੌਰ ਤੇ ਆਮ ਦਫ਼ਤਰੀ ਘੰਟਿਆਂ ਦੌਰਾਨ ਸੋਮਵਾਰ ਤੋਂ ਸ਼ੁਕਰਵਾਰ ਤੱਕ ਖੁੱਲ੍ਹਦੀ ਹਨ। ਜਿਸ ਸਰਜਰੀ ਨਾਲ ਤੁਸੀ ਪੰਜੀਕਰਣ ਕੀਤਾ ਹੈ, ਤੁਹਾਨੂੰ ਆਪਣਾ ਖੁਲ੍ਹਣ ਦਾ ਸਮਾਂ ਅਤੇ ਆਪਣੇ ਵਲੋਂ ਪ੍ਰਦਾਨ ਕੀਤੀ ਜਾ ਰਹੀ ਸੇਵਾਵਾਂ ਦੀ ਸੂਚੀ ਮੁਹਈਆ ਕਰਾਉਣ ਦੇ ਜੋਗ ਹੋਵੇਗੀ। ਮੁਲਾਕਾਤ ਕੁਝ ਦਿਨ ਪਹਿਲਾਂ ਬੁੱਕ ਕਰਨਾ ਬੇਹਤਰ ਹੈ; ਤੁਸੀ ਇਹ ਸ਼ਰਜਰੀ ਵਿੱਚ ਜਾਕੇ ਜਾਂ ਉਹਨਾਂ ਦੀ ਮੁਲਾਕਤ ਲਾਈਨ ਤੇ ਟੇਲਿਫ਼ੋਨ ਕਰਕੇ ਕਰ ਸਕਦੇ ਹੋ। ਸਰਜਰੀਆਂ ਆਮਤੌਰ ਤੇ ਕੁਝ ਥਾਂ 'ਆਪਾਤਕਾਲੀਨ ਮੁਲਾਕਾਤਾਂ' ਲਈ ਰੱਖਦੀ ਹਨ। ਇਹ ਉਹੀ ਸਮਾਨ ਡੇ ਬੁਕਿੰਗ ਲਈ ਹੈ ਅਤੇ ਆਮਤੌਰ ਤੇ ਤਾਂ ਮੌਜੂਦ ਹੁੰਦੇ ਹਨ ਜਦੋਂ ਸਰਜਰੀ ਖੁੱਲ੍ਹੀ ਹੁੰਦੀ ਹੈ।

ਡਾਕਟਰ ਦੀ ਸਰਜਰੀ ਵਿੱਚ ਵਿਚਾਰੀ ਗਈ ਹਰ ਇੱਕ ਗੱਲ ਗੋਪਨੀਏ ਹੁੰਦੀ ਹੈ।

## ਜਦੋਂ ਡਾਕਟਰ ਦੀ ਸਰਜਰੀ ਬੰਦ ਹੋਵੇ

ਜੇਕਰ ਤੁਹਾਨੂੰ ਦਫ਼ਤਰੀ ਸਮੇਂ ਤੋਂ ਬਾਦ ਆਮ ਅਭਿਆਸਕਰਤਾ ਦੀ ਬਹੁਤ ਲੋੜ ਹੋਵੇ ਅਤੇ ਤੁਸੀ ਸਰਜਰੀ ਖੁੱਲ੍ਹਣ ਤੱਕ ਉਡੀਕ ਨਹੀਂ ਸਕਦੇ ਤੇ ਤੁਸੀ 'ਕੰਮ ਦੇ ਸਮੇਂ ਦੇ ਬਾਦ' ਸੇਵਾ ਤੇ ਆਪਣੈ ਸਥਾਨੱਕ ਆਮ ਅਭਿਆਸਕਰਤਾ ਨੂੰ ਟੇਲਿਫ਼ੋਨ ਕਰ ਸਕਦੇ ਹੋ।

ਜੇਕਰ ਤੁਹਾਨੂੰ ਇਸ ਫ਼ੋਨ ਕੱਾਲ ਦੌਰਾਨ ਦੁਭਾਸ਼ਿਆ ਸੇਵਾਵਾਂ ਦੀ ਲੋੜ ਹੋਵੇ, ਜਦੋਂ ਤੁਹਾਡੀ ਕੱਾਲ ਦਾ ਉੱਤਰ ਆਏ ਤਾਂ ਦੱਸੋ ਕਿ ਤੁਸੀ ਕਿਹੜੀ ਭਾਸ਼ਾ ਵਿੱਚ ਗੱਲ ਕਰਨਾ ਚਾਹੁੰਦੇ ਹੋ।

## ਗੰਭੀਰ ਆਪਾਤਕਾਲ ਦੇਖਭਾਲ

ਇੰਗਲੈਂਡ ਵਿੱਚ ਐਂਬੁਲੇਂਸ, ਪੁਲਿਸ ਅਤੇ ਅੱਗ ਬਚਾਅ ਸੇਵਾਵਾਂ ਲਈ ਆਪਾਤਕਾਲੀਨ ਸੇਵਾਵਾਂ ਦਾ ਟੇਲਿਫ਼ੋਨ ਨੰਬਰ 999 ਹੈ। ਜੇਕਰ ਤੁਸੀ ਜਾਂ ਤੁਹਾਡਾ ਪਰਿਵਾਰ ਗੰਭੀਰ ਰੂਪ ਤੋਂ ਬਿਮਾਰ ਹੋ ਅਤੇ ਤਤਕਾਲ ਮੇਡੀਕਲ ਧਿਆਨ ਦੀ ਲੋੜ ਹੈ, ਫਿਰ ਇਹ ਨੰਬਰ ਡਾਯਲ ਕਰੋ ਅਤੇ ਐਂਬੁਲੇਂਸ ਸੇਵਾ ਬਾਰੇ ਪੁੱਛੋ। ਤੁਹਾਨੂੰ ਤੁਹਾਡੀ ਪਰੇਸ਼ਾਨੀ ਅਤੇ ਤੁਹਾਡੀ ਸਥਿਤੀ ਪੁੱਛੀ ਜਾਵੇਗੀ। ਇਹ ਕੱਾਲ ਮੁਫ਼ਤ ਹੈ।

## ਐਨਐਚਐਸ ਡਾਇਰੈਕਟ

ਜੇਕਰ ਤੁਸੀ ਸੇਹਤ ਸੇਵਾਵਾਂ ਲਈ ਕਿੱਥੇ ਜਾਣਾ ਹੈ, ਬਾਰੇ ਨਿਸ਼ਚਤ ਨਹੀਂ ਹੋ, ਛੋਟੀ ਚੋਟ ਬਾਰੇ ਸਲਾਹ ਜਾਂ ਆਪਣੀ ਸੇਹਤ ਦੇਖਭਾਲ ਬਾਰੇ ਆਮ ਪੁੱਛਗਿੱਛ ਕਰਨਾ ਚਾਹੁੰਦੇ ਹੋ ਤੇ ਤੁਸੀ ਐਨਐਚਐਸ ਡਾਇਰੈਕਟ ਨੂੰ ਫ਼ੋਨ ਕਰ ਸਕਦੇ ਹੋ। ਨੰਬਰ 0845 4647 ਹੈ।*

ਜਦੋਂ ਤੁਹਾਡੀ ਕੱਾਲ ਸੁਣੀ ਜਾਵੇ ਦੱਸੋ ਕਿ ਤੁਸੀ ਕਿਹੜੀ ਭਾਸ਼ਾ ਬੋਲਣਾ ਚਾਹੁੰਦੇ ਹੋ ਅਤੇ ਜੇਕਰ ਲੋੜ ਹੋਵੇ ਉਹ ਦੁਭਾਸ਼ਿਏ ਦੀ ਵਿਵਸਥਾਂ ਕਰਾਂਗੇ। ਇਹ ਟੇਲਿਫ਼ੋਨ ਸੇਵਾ ਦਿਨ 'ਚ 24 ਘੰਟੇ ਅਤੇ ਹਫ਼ਤੇ 'ਚ 7 ਦਿਨ ਹੈ। ਇਸਦਾ ਸਟਾਫ਼ ਨਰਸਾਂ ਅਤੇ ਵਿਸ਼ੇਸ਼ਗ ਸਲਾਹਕਾਰ ਹਨ ਜੋ ਤੁਹਾਨੂੰ ਗੋਪਨੀਏ ਰੂਪ ਤੋਂ ਸਲਾਹ ਦਿੰਦੇ ਹਨ।

ਵੈਕਲਪੱਕ ਰੂਪ ਤੋਂ ਤੁਸੀ ਬਿਮਾਰੀਆਂ, ਅੱਪ੍ਰੇਸ਼ਨਾਂ, ਜਾਂਚਾਂ, ਇਲਾਜਾਂ ਅਤੇ ਆਮ ਸੇਹਤ ਪਰੇਸ਼ਾਨੀਆਂ ਬਾਰੇ ਐਨਐਚਐਸ ਡਾਇਰੈਕਟ ਵੈਬਸਾਈਟ http://www.nhsdirect.nhs.uk/ ਤੇ ਜਾ ਸਕਦੇ ਹੋ।*

*ਸਕੌਟਲੈਂਡ ਵਿੱਚ 24 ਘੰਟੇ ਦੀ ਸਿਹਤ ਸਲਾਹ ਅਤੇ ਜਾਣਕਾਰੀ ਸੇਵਾ ਨੂੰ NHS 24 ਕਿਹਾ ਜਾਂਦਾ ਹੈ। ਤੁਸੀਂ 08454 242424 ਤੇ ਫ਼ੋਨ ਕਰ ਸਕਦੇ ਹੋ ਜਾਂ http://www.nhs24.com/ ਤੇ ਜਾ ਸਕਦੇ ਹੋ।

## ਫਾਰਮੈਸੀਆਂ

ਇੰਗਲੈਂਡ ਵਿੱਚ ਕੈਮਿਸਟ ਦੇ ਸਟੋਰ ਨੂੰ 'ਫਾਰਮੈਸੀ' ਦੇ ਤੌਰ ਤੇ ਜਾਣਿਆ ਜਾਂਦਾ ਹੈ। ਇੱਥੇ ਤੁਸੀ ਆਪਣੇ ਡਾਕਟਰ ਵਲੋਂ ਦੱਸੀ ਗਈ ਦਵਾਈ ਲੈ ਸਕਦੇ ਹੋ। ਫਾਰਮੈਸੀਆਂ ਮਾੜੀ-ਮੋਟੀ ਬਿਮਾਰੀਆਂ ਲਈ ਵੀ ਦਵਾਈਆਂ ਵੇਚਦੀ ਹਨ ਜੋ ਤੁਸੀ ਬਿਨਾ ਨੁਸਖੇ ਦੇ ਖਰੀਦ ਸਕਦੇ ਹੋ।

ਸੰਭਵ ਹੈ ਕਿ ਤੁਸੀ ਘਰ ਵਿੱਖੇ ਲਾਲ ਜਾਂ ਹਰੇ ਕ੍ਰਾਸ ਪ੍ਰਤੀਕ ਨੂੰ ਪਛਾਣਦੇ ਹੋਵੋ, ਇੰਗਲੈਂਡ ਫਾਰਮੈਸੀਆਂ ਵੀ ਸਮਾਨ ਸੇਵਾਵਾਂ ਪੇਸ਼ ਕਰਦੀ ਹਨ। ਫਾਰਮੈਸੀਆਂ ਵਿੱਚ ਕੰਮ ਕਰਨ ਵਾਲੇ ਬੰਦੇ ਤੁਹਾਨੂੰ ਸੇਹਤ ਦੇਖਭਾਲ ਸਲਾਹ ਦੇ ਸਕਦੇ ਹਨ ਅਤੇ ਬਤੇਰੀ ਮੇਡੀਕਲ ਸੇਵਾਵਾਂ ਜੋ ਮੌਜੂਦ ਹਨ ਬਾਰੇ ਪਤਾ ਕਰਨ ਵਿੱਚ ਤੁਹਾਡੀ ਮਦਦ ਕਰਨ ਦੇ ਜੋਗ ਹੋਵੇਗੀ।

## ਬੱਚਿਆਂ ਦੇ ਨਾਲ ਪਰਿਵਾਰਾਂ ਲਈ ਸੇਵਾਵਾਂ

ਜੇਕਰ ਤੁਹਾਡਾ ਬੱਚਾ 5 ਵਰ੍ਹੇ ਦੀ ਉਮਰ ਤੋਂ ਛੋਟਾ ਹੈ, ਤੁਸੀ ਮੁਫ਼ਤ ਸੇਹਤ ਦੌਰਾ ਸੇਵਾਵਾਂ ਦੇ ਹੱਕਦਾਰ ਹੁੰਦੇ ਹੋ। ਸੇਹਤ ਦੌਰਾ ਕਰਨ ਵਾਲੇ ਜੋਗ ਨਰਸਾਂ ਹੁੰਦੀ ਹਨ ਜਿਹਨਾਂ ਨੇ ਫਾਲਤੁ ਸਿੱਖਲਾਈ ਪੂਰੀ ਕੀਤੀ ਹੁੰਦੀ ਹੈ। ਉਹ ਤੁਹਾਡੀ ਬਤੇਰੀ ਜਾਣਕਾਰੀ ਨਾਲ ਮਦਦ ਕਰ ਸਕਦੀ ਹਨ:

- ਬੱਚੇ ਦੀ ਪ੍ਰਤੀਰੱਖਿਆ
- ਸੇਹਤਮੰਦ ਖਾਣਾ
- ਬੱਚੇ ਦਾ ਵੱਧਣਾ ਅਤੇ ਵਿਕਾਸ
- ਨਰਸਰੀਆਂ
- ਪਲੇਗ੍ਰੁੱਪ
- ਸਿੱਖਿਆ
- ਹਾਉਸਿੰਗ

### ਦੰਦਾਂ ਦਾ ਡਾਕਟਰ

ਇੰਗਲੈਂਡ ਵਿੱਚ ਦੰਦਾਂ ਦੇ ਡਾਕਟਰ ਐਨਐਚਐਸ ਮਰੀਜ਼, ਜੋ ਮੁਫ਼ਤ ਵਿੱਚ ਆਪਣਾ ਇਲਾਜ ਕਰਾਉਂਦੇ ਹਨ* ਅਤੇ ਨਿਜੀ ਮਰੀਜ਼, ਜੋ ਆਪਣੇ ਇਲਾਜ ਦਾ ਭੁਗਤਾਨ ਕਰਦੇ ਹਨ, ਦੋਹਾਂ ਦਾ ਇਲਾਜ ਕਰਦੇ ਹਨ। ਸੰਭਵ ਹੈ ਕਿ ਤੁਹਾਨੂੰ ਸਥਾਨੱਕ ਦੰਦਾਂ ਦੇ ਡਾਕਟਰ ਕੋਲ ਪੰਜੀਕਰਣ ਕਰਵਾਉਣ ਲਈ ਉਡੀਕ ਸੂਚੀ ਮਿਲੇ, ਮੌਜੂਦਾ ਸਮੇਂ ਵਿੱਚ ਇੰਗਲੈਂਡ ਵਿੱਚ ਹੈ ਇੱਕ ਵੱਡੀ ਪਰੇਸ਼ਾਨੀ ਹੈ। ਤੁਹਾਨੂੰ ਹਰ ਛੇ ਮਹੀਨੇ ਬਾਦ ਦੰਦਾਂ ਦੇ ਡਾਕਟਰਾਂ ਦਾ ਦੌਰਾ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

*ਜੇ ਤੁਸੀਂ NHS ਰੋਗੀ ਹੋ ਤਾਂ ਤੁਹਾਨੂੰ ਅਜੇ ਵੀ ਮੁਆਇਨੇ ਲਈ ਥੋੜ੍ਹੀ ਜਿਹੀ ਫ਼ੀਸ ਦਾ ਭੁਗਤਾਨ ਕਰਨਾ ਪਏਗਾ। ਹਾਲਾਂਕਿ, ਜੇ ਤੁਸੀਂ ਸਕੌਟਲੈਂਡ ਵਿੱਚ ਰਹਿੰਦੇ ਹੋ ਤਾਂ ਦੰਦਾਂ ਦੇ ਮੁਆਇਨੇ ਮੁਫ਼ਤ ਹੁੰਦੇ ਹਨ।

### ਅੱਖਾਂ ਦਾ ਡਾਕਟਰ

ਅੱਖਾਂ ਦੇ ਡਾਕਟਰ ਕੋਲ, ਤੁਸੀ ਆਪਣ. ਅੱਖਾਂ ਦੀ ਰੌਸ਼ਨੀ ਜਾਂਚ ਸਕਦੇ ਹੋ ਅਤੇ ਉਹ ਤੁਹਾਨੂੰ ਨੁਸਖੇਵਾਰ ਚਸ਼ਮੇ ਜਾਂ ਕੌਂਨਟੈਕਟ ਲੈਂਸ ਦੇ ਸਕਦੇ ਹਨ।* ਸੰਭਵ ਹੈ ਕਿ ਤੁਸੀ ਆਪਣੀ ਅੱਖਾਂ ਦੇ ਇਲਾਜ ਦਾ ਭੁਗਤਾਨ ਕਰਨ ਲਈ ਮਦਦ ਪ੍ਰਾਪਤ ਕਰਨ ਜੋਗ ਹੋਵੋ। ਵਾਧੂ ਵੇਰਵੇ ਲਈ ਅੱਖਾਂ ਦੇ ਡਾਕਟਰ ਨਾਲ ਗੱਲ ਕਰੋ।

*ਜੇ ਤੁਸੀਂ ਸਕੌਟਲੈਂਡ ਵਿੱਚ ਰਹਿੰਦੇ ਹੋ ਤਾਂ ਅੱਖਾਂ ਦੇ ਮੁਆਇਨੇ ਮੁਫ਼ਤ ਹੁੰਦੇ ਹਨ।

### ਪ੍ਰਤੀਰੱਖਿਆ

ਇੰਗਲੈਂਡ ਵਿੱਚ ਸ਼ਿਸ਼ੂਆਂ ਅਤੇ ਬੱਚਿਆਂ ਨੂੰ ਖ਼ਤਰਨਾਕ ਬਿਮਾਰੀਆਂ ਜਿਵੇਂ ਖ਼ਸਰਾ, ਕਨਪੇੜਾ ਅਤੇ ਤਪੇਦਿਕ ਦੇ ਵਿਰੁੱਧ ਮੁਫ਼ਤ ਪ੍ਰਤੀਰੱਖਿਆ ਪੇਸ਼ ਕੀਤੀ ਜਾਂਦੀ ਹੈ। ਇਹ ਪ੍ਰਤੀਰੱਖਿਆਵਾਂ ਇੰਜੇਕਸ਼ਨਾਂ ਜਿਹਨਾਂ ਨੂੰ ਟੀਕੇ ਆਖਿਆ ਜਾਂਦਾ ਹੈ, ਰਾਹੀ ਦਿੱਤੀ ਜਾਂਦੀ ਹਨ ਜੋ ਸ਼ਰੀਰ ਨੂੰ ਸੰਕ੍ਰਮਣ ਵਾਲੀ ਬਿਮਾਰੀਆਂ ਨਾਲ ਲੜਨ ਵਿੱਚ ਮਦਦ ਕਰਦੇ ਹਨ। ਵਾਧੂ ਜਾਣਕਾਰੀ ਲਈ ਆਪਣੇ ਸੇਹਤ ਵਿਜ਼ੀਟਰ ਜਾਂ ਆਪਣੇ ਡਾਕਟਰ ਦੀ ਸਰਜਰੀ ਤੇ ਪੁੱਛੋ।

### ਸੇਕਸੁਅਲ ਸੇਹਤ

ਸੰਭੋਗ ਕਰਦੇ ਸਮੇਂ ਗਰਭ-ਨਿਰੋਧਕ ਵਰਤਣਾ ਮਹੱਤਵਪੂਰਨ ਹੈ। ਨਿਰੋਧ ਲੈਂਗਿਕ ਰੂਪ ਤੋਂ ਫੈਲਣ ਵਾਲੀ ਬਿਮਾਰੀਆਂ ਅਤੇ ਸੰਕ੍ਰਮਣ ਤੋਂ ਬਚਾਅ ਕਰਦਾ ਹੈ ਅਤੇ ਅਣਚਾਹੇ ਗਰਭਧਾਰਣ ਤੋਂ ਵੀ ਬੱਚਾਉਂਦਾ ਹੈ। ਨਿਰੋਧ ਜ਼ਿਆਦਾਤਰ ਜੀਪੀ'ਆਂ, ਪਰਿਵਾਰ ਨਿਯੋਜਨ ਕਲੀਨਿਕ ਅਤੇ ਸੇਹਤ ਵਿਜ਼ੀਟਰਾਂ ਕੋਲ ਮੁਫ਼ਤ ਵਿੱਚ ਉਪਲਬਧ ਹੈ। ਤੁਸੀ ਇਸਨੂੰ ਬਤੇਰੀ ਬੁਪਰਮਾਰਕੇਟਾਂ ਅਤੇ ਫਾਰਮੇਸੀਆਂ ਤੋਂ ਵੀ ਖਰੀਦ ਸਕਦੇ ਹੋ।

ਜੇਕਰ ਤੁਸੀ ਭਰੋਸੇ ਨਾਲ ਆਪਣੇ ਵਿਕਲਪਾਂ ਉੱਤੇ ਗੱਲਬਾਦ ਕਰਨਾ ਚਾਹੁੰਦੇ ਹੋ, ਤੁਸੀ ਸਾਡੀ ਡਾਕਟਰ ਦੀ ਸਰਜਰੀ ਜਾਂ ਸੇਕਸੁਅਲ ਸੇਹਤ ਕਲੀਨਿਕ ਵਿੱਚ ਜਾਂ ਐਨਐਚਐਸ ਡਾਇਰੈਕਟ ਨੂੰ 0845 4647* ਤੇ ਕੱਲ ਕਰਕੇ ਮੁਲਾਕਾਤ ਬੁੱਕ ਕਰ ਸਕਦੇ ਹੋ।

ਤੁਸੀ ਆਪਣੇ ਜੀਪੀ ਜਾਂ ਲੈਂਗਿਕ ਸੇਹਤ ਕਲੀਨਿਕ ਤੋਂ ਆਪਾਤਕਾਲੀਨ ਗਰਭਨਿਰੋਧਕ ਵੀ ਪ੍ਰਾਪਤ ਕਰ ਸਕਦੇ ਹੋ। ਇਸਨੂੰ ਕਈ ਵਾਰ 'ਸਵੇਰ ਦੀ ਗੋਲੀ' ਵੀ ਆਖਿਆ ਜਾਂਦਾ ਹੈ। ਇਹ ਸਿਰਫ਼ ਗਰਭਧਾਰਣ ਨੂੰ ਰੋਕਣ ਲਈ ਹੁੰਦੀ ਹੈ; ਇਹ ਤੁਹਾਨੂੰ ਲੈਂਗਿਕ ਰੂਪ ਤੋਂ ਫੈਲੀ ਬਿਮਾਰੀਆਂ ਜਾਂ ਸੰਕ੍ਰਮਣਾਂ ਤੋਂ ਨਹੀਂ ਬੱਚਾਉਂਦੀ। ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਲੈਂਗਿਗ ਰੂਪ ਤੋਂ ਫੈਲੀ ਬਿਮਾਰੀ ਜਾਂ ਸੰਕ੍ਰਮਣ ਹੈ ਤੇ ਤੁਹਾਨੂੰ ਤਤਕਾਲ ਜਾਂਚ ਕਰਨੀ ਚਾਹੀਦੀ ਹੈ। ਤੁਸੀ ਆਪਣੇ ਲੈਂਗਿਕ ਸੇਹਤ ਕਲੀਨਿਕ, ਕਈਵਾਰ ਇਹਨਾਂ ਨੂੰ ਜਨਨ-ਮੁੱਤਰ ਕਲੀਨਿਕ ਦੇ ਰੂਪ ਵਿੱਚ ਵੀ ਜਾਣਿਆ ਜਾਂਦਾ ਹੈ, ਵਿੱਚ ਮੁਲਾਕਾਤ ਬੁੱਕ ਕਰ ਸਕਦੇ ਹੋ। ਇਹ ਸੇਵਾ ਮੁਫ਼ਤ ਅਤੇ ਗੋਪਨੀਏ ਹੈ ਅਤੇ ਇਹ ਮਦਦਗਾਰ ਸਲਾਹ ਦੇ ਸਕਦੇ ਹਨ।

*ਜੇ ਤੁਸੀਂ ਸਕੌਟਲੈਂਡ ਵਿੱਚ ਰਹਿੰਦੇ ਹੋ ਤਾਂ ਤੁਸੀਂ NHS 24 ਨੂੰ 08454 242424 ਤੇ ਫ਼ੋਨ ਕਰ ਸਕਦੇ ਹੋ।

### ਸਮੋਕਿੰਗ

ਸਮੋਕਿੰਗ ਤੋਂ ਸੰਬੰਧਤ ਬਤੇਰੀ ਮੇਡੀਕਲ ਪਰੇਸ਼ਾਨੀਆਂ ਹੁੰਦੀ ਹਨ। ਬਤੇਰੇ ਲੋਕ ਇਸਦੇ ਕਾਰਨ ਹੋਣ ਵਾਲੇ ਨੁਕਸਾਨ ਦੀ ਪੂਰਨ ਸੀਮਾ ਨਹੀਂ ਜਾਣਦੇ। ਜਦੋਂ ਤੁਸੀ ਸਮੋਕਿੰਗ ਸ਼ੁਰੂ ਕਰਦੇ ਹੋ, ਤੁਹਾਨੂੰ ਮਾੜੀ ਮੋਟੀ ਬਿਮਾਰੀਆਂ ਹੋ ਜਾਂਦੀ ਹੈ ਅਤੇ ਤੁਹਾਨੂੰ ਗੰਭੀਰ ਬਿਮਾਰੀ ਹੋਣ ਦਾ ਜੋਖਿਮ ਵੀ ਵੱਧਦਾ ਹੈ।

ਐਨਐਚਐਸ ਸਮੋਕਿੰਗ ਛੱਡਣ ਬਾਰੇ ਮਦਦ ਅਤੇ ਸਲਾਹ ਪੇਸ਼ ਕਰਦਾ ਹੈ। ਵਾਧੂ ਜਾਣਕਾਰੀ ਲਈ ਆਪਣੇ ਜੀਪੀ ਨੂੰ ਪੁੱਛੋ।



# ਪਰਿਵਹਨ

## ਇੱਕ ਨਜ਼ਰ

ਹੇਠ ਲਿੱਖੀ ਜਾਣਕਾਰੀ ਇੰਗਲੈਂਡ ਵਿਚ ਪਰਿਵਹਨ ਸਿਸਟਮ ਬਾਰੇ ਇੱਕ ਨਜ਼ਰ ਦਿੱਖਾਉਂਦੀ ਹੈ ਅਤੇ ਜਨਤੱਕ ਹਾਈਵੇ ਤੇ ਗੱਡੀਆਂ ਵਰਤਣ ਲਈ ਕੁਝ ਮੂਲ ਦਿਸ਼ਾਨਿਰਦੇਸ਼ ਦਿੰਦੀ ਹੈ।

ਬਿਨਾ ਉਚਿਤ ਦਸਤਾਵੇਜ਼ਾਂ ਦੇ ਇੰਗਲੈਂਡ ਵਿੱਚ ਸੜਕ ਤੇ ਮੋਟਰ ਗੱਡੀ ਚੱਲਾਉਣਾ ਗੈਰ-ਕਾਨੂੰਨੀ ਹੈ। ਇਹਨਾਂ ਦਸਤਾਵੇਜ਼ਾਂ ਵਿੱਚ ਮੌਜੂਦਾ ਡ੍ਰਾਈਵਿੰਗ ਲਾਇਸੇਂਸ, ਇੱਕ ਕਾਨੂੰਨੀ ਐਮਓਟੀ ਪ੍ਰਮਾਣ ਪੱਤਰ, ਇੱਕ ਗੱਡੀ ਦੀ ਕਰ ਡਿਸਕ ਅਤੇ ਹੇਠ ਦੱਸੇ ਮੁਤਾਬਕ ਗੱਡੀ ਦਾ ਬੀਮਾ ਸ਼ਾਮਲ ਹੈ।

ਇੰਗਲੈਂਡ ਵਿੱਚ ਮੋਟਰ ਗੱਡੀ ਚੱਲਾਉਣ ਲਈ ਤੁਹਾਨੂੰ ਬ੍ਰਿਟਿਸ਼ ਦੀ ਘੱਟੋਘੱਟ ਉਮਰ ਲੋੜਾਂ ਦੀ ਪਾਲਣਾ ਕਰਨੀ ਜਰੂਰੀ ਹੈ।

| ਗੱਡੀ ਦਾ ਪ੍ਰਕਾਰ | ਘੱਟੋਘੱਟ ਉਮਰ |
|---|---|
| ਕਾਰ ਅਤੇ ਮੋਟਰਸਾਈਕਲ | 17 ਵਰ੍ਹੇ |
| ਛੋਟੇ ਆਕਾਰ ਦੀ ਗੱਡੀਆਂ | 18 ਵਰ੍ਹੇ |
| ਵੱਡੀ ਲੱਾਰੀਆਂ ਅਤੇ ਬਸਾਂ | 21 ਵਰ੍ਹੇ |

## ਡ੍ਰਾਈਵਿੰਗ ਲਾਇਸੇਂਸ/ਅੰਤਰਰਾਸ਼ਟਰੀ ਲਾਇਸੇਂਸ

ਜੇਕਰ ਤੁਸੀ ਯੁਰੋਪ ਦੀ ਆਰਥਕ ਖ਼ੇਤਰ ਦੇ ਸ਼ਹਿਰ ਤੋਂ ਹੋ ਤੇ ਤੁਹਾਨੂੰ ਹੇਠ ਲਿੱਖਿਆ ਵਰਤਣ ਦੀ ਆਗਿਆ ਹੈ:

- ਆਮ ਰਾਸ਼ਟਰੀ ਡ੍ਰਾਈਵਿੰਗ ਲਾਇਸੇਂਸ/ਸਮੁਦਾਏ ਲਾਇਸੇਂਸ: ਨਾਗਰਕ ਬਣਨ ਦੇ ਬਾਦ 3 ਵਰ੍ਹਿਆਂ ਲਈ ਇੰਗਲੈਂਡ ਵਿਚ ਗੱਡੀ ਚੱਲਾਉਣ ਲਈ।
- ਪੇਸ਼ਵਰ ਲਾਇਸੇਂਸ*: ਨਾਗਰਕ ਬਣਨ ਦੇ ਬਾਦ 5 ਵਰ੍ਹਿਆਂ ਲਈ ਇੰਗਲੈਂਡ ਵਿੱਚ ਗੱਡੀ ਚੱਲਾਉਣ ਲਈ।

ਇਹਨਾਂ ਦੇ ਸਮਾਪਤ ਹੋਣ ਤੋਂ ਬਾਦ ਤੁਹਾਨੂੰ ਜੀਬੀ ਡ੍ਰਾਈਵਿੰਗ ਲਾਇਸੇਂਸ ਪ੍ਰਾਪਤ ਕਰਨਾ ਜਰੂਰੀ ਹੈ।

*ਜੇਕਰ ਤੁਹਾਡੇ ਕੋਲ ਪੇਸ਼ੇਵਰ ਲਾਇਸੇਂਸ ਹੈ ਅਤੇ ਇੰਗਲੈਂਡ ਵਿੱਚ ਗੱਡੀ ਚੱਲਾਉਣਾ ਸਿੱਖ ਰਹੇ ਹੋ, ਤੁਹਾਨੂੰ ਇਹ ਕਰਨਾ ਜਰੂਰੀ ਹੈ:

- ਕਿਸੇ ਅਜਿਹੇ ਬੰਦੇ ਤੋਂ ਸੁਪਰਵਾਈਜਰੀ ਕਰਾਉਣਾ ਜੋ 21 ਵਰ੍ਹਿਆਂ ਤੋਂ ਵੱਧ ਉਮਰ ਤੋਂ ਹੋਵੇ ਅਤੇ ਜਿਸ ਕੋਲ ਘੱਟੋਘੱਟ 3 ਵਰ੍ਹਿਆਂ ਲਈ ਕਾਨੂੰਨੀ ਜੀਬੀ ਲਾਇਸੇਂਸ ਹੋਵੇ।
- ਆਪਣੀ ਗੱਡੀ ਤੇ ਅੱਗੇ ਅਤੇ ਪਿੱਛੇ ਦੋਹਾਂ ਪਾਸੇ 'ਐਲ' ਪਲੇਟ ਪ੍ਰਦਰਸ਼ਤ ਕਰਨਾ। ਇਸ ਨਾਲ ਦੂਜੇ ਡ੍ਰਾਈਵਰਾਂ ਨੂੰ ਪਤਾ ਲੱਗ ਜਾਵੇਗਾ ਕਿ ਤੁਸੀ ਗੱਡੀ ਚੱਲਾਉਣਾ ਸਿੱਖ ਰਹੇ ਹੋ।
- ਮੋਟਰ ਵੇ ਤੇ ਗੱਡੀ ਨਾ ਚੱਲਾਓ।
- ਆਪਣੀ ਗੱਡੀ ਤੇ ਨਾਲ ਕਿਸੇ ਪ੍ਰਕਾਰ ਦਾ ਟ੍ਰੇਲਰ ਨਾ ਖਿਚੋ।

ਜੇਕਰ ਤੁਹਾਨੂੰ ਕਿਹਾ ਜਾਏ ਤੇ ਤੁਹਾਨੂੰ ਆਪਣਾ ਡ੍ਰਾਈਵਿੰਗ ਲਾਇਸੇਂਸ ਅਤੇ ਗੱਡੀ ਦੇ ਕਾਗਜਾਤ ਪੁਲਿਸ ਅਫ਼ਸਰ ਨੂੰ ਦਿੱਖਾਉਣਾ ਜਰੂਰੀ ਹੈ। ਜੇਕਰ ਇਹ ਕਰਨਾ ਸੰਭਵ ਨਾ ਹੋਵੇ, ਤੁਹਾਨੂੰ ਉਹਨਾਂ ਨੂੰ ਆਖੇ ਜਾਣ ਤੇ 7 ਦਿਨਾਂ ਵਿੱਚਕਾਰ ਪੁਲਿਸ ਸਟੇਸ਼ਨ ਲੈ ਜਾਣਾ ਜਰੂਰੀ ਹੈ। ਇਹ ਨਾ ਕਰਨਾ ਗੁਨਾਹ ਹੈ।

### ਐਮਓਟੀ

ਜੇਕਰ ਤੁਹਾਡੀ ਗੱਡੀ 3 ਜਾਂ ਵੱਧ ਵਰ੍ਹੇ ਪੁਰਾਣੀ ਹੈ ਉਸਦੀ ਐਮਓਟੀ ਪ੍ਰਮਾਣਪੱਤਰ ਲਈ ਜਾਂਚ ਕਰਵਾਉਣੀ ਚਾਹੀਦੀ ਹੈ। ਜੇਕਰ ਤੁਹਾਡੇ ਕੋਲ ਨਹੀਂ ਹੈ ਤੇ ਉਸਨੂੰ ਸੜਕ ਤੇ ਚੱਲਾਉਣਾ ਗੈਰ-ਕਾਨੂੰਨੀ ਹੈ। ਕਾਰ ਖਰੀਦਦੇ ਸਮੇਂ ਇਹ ਪ੍ਰਮਾਣਪਤੱਰ ਜਾਂਚਣਾ ਯਕੀਨੀ ਬਣਾਓ। ਤੁਹਾਨੂੰ ਹਰ 12 ਮਹੀਨੇ ਬਾਦ ਐਮਓਟੀ ਪ੍ਰਮਾਣਪਤੱਰ ਨੂੰ ਪੁਨਰ ਨਵਾਂ ਕਰਨਾ ਜਰੂਰੀ ਹੈ।

#### *ਐਮਓਟੀ ਪ੍ਰਮਾਣਪੱਤਰ ਕਿਵੇਂ ਪ੍ਰਾਪਤ ਕਰਨੀ ਹੈ*

ਆਪਣੀ ਗੱਡੀ ਨੂੰ ਉਸ ਸਥਾਨੱਕ ਗੈਰੇਜ਼ ਵਿੱਚ ਲੈ ਜਾਓ ਜੋ ਐਮਓਟੀ ਦੀ ਪੇਸ਼ਕਸ਼ ਕਰਦਾ ਹੈ। ਉਹ ਇਹ ਵੇਖਣ ਲਈ ਇਸਦੀ ਜਾਂਚ ਕਰਾਂਗੇ ਕਿ ਇਹ ਸੜਕ ਤੇ ਚੱਲਾਉਣ ਜੋਗ ਹੈ।

### ਬੀਮਾ

ਇੰਗਲੈਂਡ ਵਿੱਚ ਬਿਨਾ ਬੀਮਾ ਦੇ ਗੱਡੀ ਚੱਲਾਉਣਾ, ਗੱਡੀ ਵਿੱਚ ਸਫ਼ਰ ਕਰਨਾ ਜਾਂ ਸੜਕ ਤੇ ਗੱਡੀ ਨੂੰ ਛੱਡਣਾ ਵੀ ਗੈਰ-ਕਾਨੂੰਨੀ ਹੈ।

ਗੱਡੀ ਦੇ ਬੀਮੇ ਲਈ ਨਿਵੇਦਨ ਕਰਦੇ ਸਮੇਂ ਯਕੀਨੀ ਬਣਾਓ ਕਿ ਤੁਹਾਡੇ ਵਲੋਂ ਦਿੱਦਾ ਗਿਆ ਵੇਰਵਾ ਸਹੀ ਹੈ, ਜੇਕਰ ਤੁਸੀ ਨਹੀਂ ਕਰਦੇ ਬੀਮਾ ਕਾਨੂੰਨੀ ਨਹੀਂ ਹੋਵੇਗਾ। ਬੀਮਾ ਲਈ ਨਿਵੇਦਨ ਕਰਦੇ ਸਮੇਂ ਅਤੇ ਬੀਮੇ ਦਾ ਦਾਵਾ ਕਰਦੇ ਸਮੇਂ ਜਾਣਬੁਝਕੇ ਝੁੱਠੀ ਜਾਣਕਾਰੀ ਦੇਣਾ ਗੁਨਾਹ ਹੈ।

ਕੁਝ ਬੀਮਾ ਕੰਪਨੀਆਂ ਤੁਹਾਨੂੰ ਛੂਟ ਦਿੰਦੀ ਹਨ ਜੇਕਰ ਤੁਸੀ ਕੁਝ ਵਰ੍ਹਿਆਂ ਤੱਕ ਬਿਨਾ ਕਿਸੇ ਦੁਰਘਟਨਾ ਦੇ ਗੱਡੀ ਚੱਲਾਉਂਦੇ ਹੋ। ਉਹ ਦੂਜੇ ਦੇਸ਼ਾਂ ਤੋਂ ਇਸਦਾ ਸਬੂਤ ਸਵੀਕਾਰ ਕਰ ਸਕਦੇ ਹਨ ਜੇਕਰ ਉਹ ਅੰਗ੍ਰੇਜੀ ਵਿੱਚ ਅਨੁਵਾਦਤ ਹੋਇਆ ਹੋਵੇ।

### ਸੜਕ ਕਰ

ਜਨਤੱਕ ਸੜਕ ਤੇ ਵਰਤੀ ਜਾ ਰਹੀ ਜਾਂ ਖੜੀ ਕਿਸੇ ਵੀ ਗੱਡੀ ਦੇ ਸਾਹਮਣੇ ਦੇ ਸ਼ੀਸ਼ੇ ਤੇ ਮੌਜੂਦਾ ਕਰ ਡਿਸਕ (ਗੱਡੀ ਦਾ ਲਾਇਸੇਂਸ) ਪ੍ਰਦਰਸ਼ਤ ਹੋਣੀ ਜਰੂਰੀ ਹੈ।

#### *ਕਰ ਡਿਸਕ ਕਿਵੇਂ ਪ੍ਰਾਪਤ ਕਰੀਏ*

ਨਿਵੇਦਨ ਕਰਨ ਲਈ ਲੋੜੀਂਦਾ ਫਾਰਮ ਆਪਣੇ ਸਥਾਨੱਕ ਡਾਕ ਖਾਨੇ ਤੋਂ ਪ੍ਰਾਪਤ ਕਰੋ। ਤੁਹਾਨੂੰ ਇਹ ਵਿੱਖਾਉਣ ਦੀ ਲੋੜ ਹੋਵੇਗੀ:
- ਗੱਡੀ ਦਾ ਬੀਮਾ ਪ੍ਰਮਾਣ ਪੱਤਰ।
- ਗੱਡੀ ਦਾ ਐਮਓਟੀ ਪ੍ਰਮਾਣਪੱਤਰ।

ਵੱਖ ਗੱਡੀ ਲਈ ਪੰਜੀਕ੍ਰਿਤ ਕਰ ਡਿਸਕ ਵਰਤਣਾ ਗੈਰ-ਕਾਨੂੰਨੀ ਹੈ।

### ਸੜਕ ਤੇ ਕਾਯਦੇ

ਇੱਥੇ ਕੁਝ ਸੜਕ ਦੇ ਕਾਯਦੇ ਹਨ ਜੋ ਤੁਹਾਨੂੰ ਕੋਈ ਵੀ ਗੱਡੀ ਚੱਲਾਉਂਦੇ ਸਮੇਂ ਚੇਤੇ ਰੱਖਣੇ ਚਾਹੀਦੇ ਹਨ।:
- ਤੁਹਾਡੀ ਗੱੜੀ ਸੜਕ ਤੇ ਚੱਲਾਉਣ ਜੋਗ ਅਤੇ ਸੁਰੱਖਿਅਤ ਹੋਣੀ ਚਾਹੀਦੀ ਹੈ ਅਤੇ ਉਸਦਾ ਐਮਓਟੀ ਪਾਸ ਹੋਵੇ।
- ਸੜਕ ਦੇ ਸੱਜੇ ਪਾਸੇ ਗੱਡੀ ਚੱਲਾਓ।
- ਤੁਹਾਡੀ ਗੱਡੀ ਵਿੱਚ ਕਾਨੂੰਨੀ ਕਰ ਡਿਸਕ ਹੋਣੀ ਜਰੂਰੀ ਹੈ।
- ਆਪਣੀ ਸੀਟਬੈਲਟ ਨਾ ਲੱਗਾਉਣਾ ਗੈਰ-ਕਾਨੂੰਨੀ ਹੈ।
- ਯਕੀਨੀ ਬਣਾਓ ਕਿ ਤੁਹਾਡੀ ਸਵਾਰਿਆਂ ਨੇ ਸੀਟਬੈਲਟਾਂ ਲਾਈ ਹੋਈ ਹਨ।
- 135 cm ਤੋਂ ਉੱਚੇ ਜਾਂ 12 ਸਾਲਾਂ (ਜਿਹੜਾ ਵੀ ਪਹਿਲਾਂ ਹੁੰਦਾ ਹੈ) ਦੇ ਬੱਚਿਆਂ ਨੂੰ ਉਚਿਤ ਸੁਰੱਖਿਅਤ ਸੀਟ ਤੇ ਬੈਠਣਾ ਚਾਹਿਦਾ ਹੈ।
- ਯਕੀਨੀ ਬਣਾਓ ਕਿ ਤੁਸੀ ਗੱਡੀ ਚੱਲਾਉਣ ਲਈ ਫਿਟ ਹੋ; ਡ੍ਰਗ ਅਤੇ ਅਲਕੋਹਲ ਦੇ ਪ੍ਰਭਾਵ ਵਿੱਚ ਗੱਡੀ ਚੱਲਾਉਣਾ ਗੈਰ-ਕਾਨੂੰਨੀ ਹੈ।

- ਇੰਗਲੈਂਡ ਰਫ਼ਤਾਰ ਸੀਮਾ ਮੀਲ ਪ੍ਰਤੀ ਘੰਟਾ (ਐਮਪੀਐਚ) ਵਿੱਚ ਹੁੰਦੀ ਹੈ। ਯਕੀਨੀ ਬਣਾਓ ਕਿ ਤੁਸੀ ਆਪਣੇ ਸਪੀਡੋਮੀਟਰ ਤੇ ਸਹੀ ਰਫ਼ਤਾਰ ਪੜ ਰਹੇ ਹੋ।
- ਇੰਗਲੈਂਡ ਵਿੱਚ ਸਿੰਗਲ ਕੈਰਿਜ਼ਵੇ ਤੇ ਰਾਸ਼ਟਰੀ ਰਫ਼ਤਾਰ ਸੀਮਾ 60 ਐਮਪੀਐਚ ਅਤੇ ਦੋਹਰੇ ਕੈਰਿਜ਼ਵੇ ਤੇ 70 ਐਮਪੀਐਚ ਹੈ।
- ਇੱਥੇ ਦੂਜੀ ਰਫ਼ਤਾਰ ਸੀਮਾਵਾਂ ਵੀ ਹਨ। ਯਕੀਨੀ ਬਣਾਓ ਕਿ ਤੁਹਾਨੂੰ ਇਹਨਾਂ ਬਾਰੇ ਜਾਣਕਾਰੀ ਹੈ ਕਿਉਂਕਿ ਤੁਸੀ ਗੱਡੀ ਚੱਲਾ ਰਹੇ ਹੋ।
- ਮੋਬਾਈਲ ਫ਼ੋਨ ਵਰਤਦੇ ਹੋਏ ਗੱਡੀ ਚੱਲਾਉਣਾ ਗੈਰ-ਕਾਨੂੰਨੀ ਹੈ।
- ਮੋਟਰਸਾਈਕਲ ਡ੍ਰਾਈਵਰਾਂ ਅਤੇ ਸਵਾਰੀਆਂ ਨੂੰ ਕਾਨੂੰਨੀ ਰੂਪ ਤੋਂ ਸੁਰੱਖਿਅਤ ਹੈਲਮੇਟ ਪਾਉਣਾ ਜ਼ਰੂਰੀ ਹੁੰਦਾ ਹੈ।
- ਜੇਕਰ ਤੁਸੀ ਕਿਸੇ ਦੁਰਘਟਨਾ ਵਿੱਚ ਸ਼ਾਮਲ ਹੋ ਤੁਹਾਨੂੰ ਰੁੱਕਣਾ ਜ਼ਰੂਰੀ ਹੈ ਅਤੇ ਜੇਕਰ ਕਿਸੇ ਨੂੰ ਚੋਟ ਲੱਗਦੀ ਹੈ ਜਾਂ ਕੋਈ ਨੁਕਸਾਨ ਹੁੰਦਾ ਹੈ ਤੇ ਤੁਹਾਨੂੰ ਪੁਲਿਸ ਨੂੰ ਸੂਚਿਤ ਕਰਨਾ ਚਾਹੀਦਾ ਹੈ।

## ਬਸ ਸੇਵਾਵਾਂ

ਇੰਗਲੈਂਡ ਵਿੱਚ ਬਤੇਰੀ ਵੱਖ ਵੱਖ ਬਸ ਕੰਪਨੀਆਂ ਹਨ ਅਤੇ ਉਹ ਸਾਰੀ ਆਪਣੇ ਕਿਰਾਏ ਆਪ ਨਿਰਧਾਰਤ ਕਰਦੀ ਹਨ। ਸਫ਼ਰ ਕਰਦੇ ਸਮੇਂ ਹਰ ਵੇਲੇ ਬਸ ਡ੍ਰਾਈਵਰ ਨੂੰ ਆਪਣਾ ਕਿਰਾਇਆ ਦੇਣਾ ਸੰਭਵ ਹੁੰਦਾ ਹੈ। ਕਈ ਵਾਰ, ਬਸ ਕੰਪਨੀਆਂ ਇੱਕ ਤੋਂ ਵੱਧ ਸਫ਼ਰ ਲਈ ਵਿਸ਼ੇਸ਼ ਟਿਕਟਾਂ ਵੇਚਦੀ ਹਨ। ਜੇਕਰ ਤੁਸੀ ਨਿਯਮਿਤ ਰੂਪ ਤੋਂ ਬਸ ਤੇ ਸਫ਼ਰ ਕਰਨ ਦੀ ਯੋਜਨਾ ਬਣਾਉਂਦੇ ਹੋ ਤੇ ਸਫ਼ਰ ਕਾਰਡ ਖਰੀਦਣਾ ਸਸਤਾ ਪੈ ਸਕਦਾ ਹੈ। ਇੱਕ ਬਸ ਕੰਪਨੀ ਤੋਂ ਖਰੀਦੀ ਟਿਕਟ ਦੂਜੀ ਬਸ ਕੰਪਨੀ ਵਿੱਚ ਵੈਧ ਨਹੀਂ ਹੋਵੇਗੀ ਜਦ ਤੱਕ ਵਿਸ਼ੇਸ਼ ਵਿਵਸਥਾਵਾਂ ਨਹੀਂ ਕੀਤੇ ਜਾਣ, ਇਹ ਤੁਹਾਡੇ ਸਥਾਨੱਕ ਬਸ ਸੰਚਾਲਕਾਂ ਵਲੋਂ ਪ੍ਰਕਾਸ਼ਤ ਟਾਈਮਟੇਬਲਾਂ ਵਿੱਚ ਦਰਸ਼ਾਇਆ ਗਿਆ ਹੈ।

ਬਸ ਫੜਦੇ ਸਮੇਂ ਆਪਣੇ ਕਿਰਾਏ ਲਈ ਸਹੀ ਰੁਪਏ ਹੋਣਾ ਉਪਯੋਗੀ ਹੁੰਦਾ ਹੈ, ਕਿਉਂਕਿ ਕਈਵਾਰ ਡ੍ਰਾਈਵਰ ਕੋਲ ਕਾਫੀ ਖੁੱਲੇ ਪੈਸੇ ਨਹੀ ਹੁੰਦੇ ਅਤੇ ਤੁਸੀ ਸੇਵਾ ਨੂੰ ਦੇਰ ਕਰ ਸਕਦੇ ਹੋ।

## ਟ੍ਰੇਨਾਂ

ਇੰਗਲੈਂਡ ਦਾ ਰੇਲ ਨੇਟਵਰਕ ਬਤੇਰੀ ਵੱਖ ਵੱਖ ਨਿਜੀ ਕੰਪਨੀਆਂ ਵਲੋਂ ਸੰਚਾਲਿਤ ਕੀਤਾ ਜਾਂਦਾ ਹੈ। ਤੁਸੀ ਸਟੇਸ਼ਨ ਤੋਂ ਫ਼ੋਨ ਤੇ ਜਾਂ ਔਨਲਾਈਨ ਹੋਕੇ ਸਫ਼ਰ ਲਈ ਟਿਕਟ ਖਰੀਦ ਸਕਦੇ ਹੋ। ਇਹ ਸਾਰੀ ਕੰਪਨੀਆਂ ਦੀ ਟ੍ਰੇਨਾਂ ਤੇ (ਸਿਰਫ਼ ਵਿਸ਼ੇਸ਼ ਪੇਸ਼ਕਸ਼ ਟਿਕਟਾਂ ਨੂੰ ਛੱਡਕੇ) ਤੇ ਤੁਹਾਡੇ ਸਫ਼ਰ ਦੇ ਰਸਤੇ ਲਈ ਵੈਧ ਹੈ।

ਜੇਕਰ ਤੁਸੀ ਲੰਡਨ ਦਾ ਸਫ਼ਰ ਕਰਨ ਦੀ ਯੋਜਨਾ ਬਣਾ ਰਹੇ ਹੋ, ਇਹ ਪੀਕ ਘੰਟਿਆਂ ਵਿੱਚ ਕਰਨਾ ਚੰਗਾ ਰਹੇਗਾ। ਵਿਅਸਤ ਸਮੇਂ ਦੌਰਾਨ (ਸਵੇਰੇ 10 ਤੋਂ ਪਹਿਲਾਂ ਅਤੇ ਸ਼ਾਮੀ 5 ਅਤੇ ਰਾਤੀ 9 ਵਿੱਚਕਾਰ) ਟਿਕਟ ਮੁੱਲ ਮਹਿੰਗਾ ਹੋ ਸਕਦਾ ਹੈ। ਆਪਣ. ਟਿਕਟ ਨੂੰ ਪਹਿਲਾਂ ਹੀ ਬੁੱਕ ਕਰ ਲੈਣਾ ਵੀ ਸਸਤਾ ਪੈਂਦਾ ਹੈ।

ਟ੍ਰੇਨ ਸਮਾਂ ਜਾਂਚਣ, ਟਿਕਟਾਂ ਬੁੱਕ ਕਰਨ ਲਈ ਜਾਂ ਕਿਸੇ ਦੂਜੀ ਪੁੱਛਗਿੱਛ ਲਈ ਤੁਸੀ ਇੰਟਰਨੇਟ ਤੇ http://www.nationalrail.co.uk/ ਤੇ ਜਾ ਸਕਦੇ ਹੋ ਜਾਂ ਰਾਸ਼ਟਰੀ ਰੇਲ ਪੁੱਛਗਿੱਛ ਨੂੰ 08457 484950 ਤੇ ਟੇਲਿਫ਼ੋਨ ਕਰ ਸਕਦੇ ਹੋ।

## ਟੈਕਸੀਆਂ

ਵੱਡੇ ਸ਼ਹਿਰਾਂ ਵਿੱਚ ਬਤੇਰੀ ਟੈਕਸੀਆਂ ਹੋਵਾਂਗੀਆਂ, ਵੈਕਲਪਕ ਰੂਪ ਤੋਂ ਤੁਸੀ ਸਥਾਨੱਕ ਨਿਜੀ ਟੈਕਸੀ ਨੂੰ ਫ਼ੋਨ ਕਰਕੇ ਕਿਸੇ ਥਾਂ ਤੇ ਬੁਲਾ ਸਕਦੇ ਹੋ ਜਾਂ ਕਿਸੇ ਸਫ਼ਰ ਲਈ ਬੁਕਿੰਗ ਕਰਾ ਸਕਦੇ ਹੋ। ਟੈਕਸੀਆਂ ਆਮਤੌਰ ਤੇ ਕਿਸੇ ਵੀ ਸਫ਼ਰ ਲਈ ਮੀਟਰ ਵਾਲਾ ਮਾਨਕ ਸ਼ੁਲਕ ਲੈਂਦੀ ਹਨ। ਜੇਕਰ ਤੁਸੀ ਟੈਕਸੀ ਬੁੱਕ ਕਰਾਉਂਦੇ ਹੋ, ਤੁਸੀ ਆਮਤੌਰ ਤੇ ਮੀਟਰ ਵਰਤਣ ਦੀ ਥਾਂ ਮੁੱਲ ਨਿਰਧਾਰਤ ਕਰ ਸਕਦੇ ਹੋ।

ਹਮੇਸ਼ਾ ਯਕੀਨੀ ਬਣਾਓ ਕਿ ਤੁਸੀ ਸਿਰਫ਼ ਲਾਇਸੇਂਸ ਵਾਲੀ ਟੈਕਸੀ ਵਰਤ ਰਹੇ ਹੋ। ਕਾਨੂੰਨ ਮੁਤਾਬਕ, ਲਾਇਸੇਂਸ ਵਾਲੇ ਟੈਕਸੀ ਚਾਲਕਾਂ ਨੂੰ ਆਪਣੀ ਗੱਡੀ ਵਿੱਚ ਆਪਣਾ ਪਛਾਣ ਕਾਰਡ (ਹਾਲ ਹੀ ਦੀ ਫ਼ੋਟੋ ਦੇ ਨਾਲ) ਪ੍ਰਦਰਸ਼ਤ ਕਰਨਾ ਚਾਹੀਦਾ ਹੈ।




# ਇੰਗਲੈਂਡ ਵਿੱਚ ਕਾਨੂੰਨ

## ਚਾਕੂ

ਚਾਕੂ ਇੱਕ ਹਥਿਆਰ ਹੈ ਜਿਸ ਨਾਲ ਗਲਤ ਵਰਤੋਂ ਕਰਨ ਤੇ ਗੰਭੀਰ ਚੋਟ ਲੱਗ ਸਕਦੀ ਹੈ; ਇਸਲਈ 7.62 ਸੇਮੀ ਤੋਂ ਵੱਧ ਕਿਨਾਰੇ ਵਾਲਾ ਚਾਕੂ ਲੈਕੇ ਘੁੰਮਣਾ ਗੈਰ-ਕਾਨੂੰਨੀ ਹੈ। ਜੇਕਰ ਤੁਹਾਨੂੰ ਜਨਤੱਕ ਥਾਂ ਤੇ ਚਾਕੂ ਦੇ ਨਾਲ ਫੜਿਆ ਗਿਆ ਤੇ ਤੁਹਾਨੂੰ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ।

ਕਈ ਕੰਮਾਂ ਲਈ ਕੰਮ ਦੀ ਥਾਂ ਦੇ ਚਾਕੂ ਦੀ ਲੋੜ ਹੁੰਦੀ ਹੈ। ਸਪਸ਼ਟ ਰੂਪ ਤੋਂ ਤੁਹਾਡੇ ਰੋਜਗਾਰ ਦੇ ਭਾਗ ਦੇ ਰੂਪ ਵਿੱਚ ਇਸਦੀ ਮੰਜ਼ੂਰੀ ਦਿੱਤੀ ਗਈ ਹੈ।

ਤੇਜ਼ ਬਲੇਡ, ਮਿਸਾਲ ਵਜੋਂ ਰੇਜ਼ਰ ਅਤੇ ਚਾਕੂ ਜਿਹੀ ਚੀਜ਼ਾਂ ਖਰੀਦਣ ਲਈ ਤੁਹਾਡੀ ਉਮਰ 18 ਵਰ੍ਹਿਆਂ ਤੋਂ ਵੱਧ ਹੋਣੀ ਜਰੂਰੀ ਹੈ।

## ਡ੍ਰਗਸ

ਇੱਥੇ ਕਾਨੂੰਨ ਹੈ ਜੋ ਇੰਗਲੈਂਡ ਵਿੱਚ ਡ੍ਰਗ ਦੀ ਵਰਤੋਂ ਨੂੰ ਨਿਯੰਤਰਤ ਕਰਦਾ ਹੈ।

ਆਮਤੌਰ ਤੇ ਸਿਰਫ਼ ਤੁਹਾਡੇ ਡਾਕਟਰ ਵਲੋਂ ਦਿੱਤੀ ਗਈ ਦਵਾਈਆਂ ਜਾਂ ਉਹ ਜੋ ਫਾਰਮੇਸੀ ਤੋਂ ਖਰੀਦਣ ਲਈ ਉਪਲਬੱਧ ਹੁੰਦੀ ਹਨ, ਸਿਰਫ਼ ਅਜਿਹੇ ਡ੍ਰਗਸ ਹਨ ਜੋ ਤੁਹਾਨੂੰ ਲੈਣ ਦੀ ਆਗਿਆ ਹੈ।

ਹਾਲਾਂਕਿ ਇੰਗਲੈਂਡ ਵਿੱਚ, ਤੰਬਾਕੂ, ਅਲਕੋਹਲ ਅਤੇ ਮਿਸ਼ਰਣਾਂ (ਗੈਸ, ਗਿਲਿਉ ਅਤੇ ਏਅਰੋਸੋਲ) ਨੂੰ ਵੀ ਡ੍ਰਗਸ ਆਖਿਆ ਜਾਂਦਾ ਹੈ। ਇਹਨਾਂ ਪਦਾਰਥਾਂ ਦੀ ਵਿਕ੍ਰੀ ਨੂੰ ਨਿਯੰਤਰਤ ਕਰਨ ਲਈ ਇੱਥੇ ਵੱਖ ਵੱਖ ਕਾਨੂੰਨ ਹਨ। ਇਹਨਾਂ ਨੂੰ ਖਰੀਦਣ ਲਈ ਤੁਹਾਨੂੰ ਸਾਬਤ ਕਰਨਾ ਪਵੇਗਾ ਕਿ ਤੁਸੀ ਇੱਕ ਨਿਸ਼ਚਤ ਉਮਰ ਤੋਂ ਵੱਡੇ ਹੋ।* ਉਮਰ ਪ੍ਰਤੀਬੰਧ ਹੇਠਾਂ ਦਰਸ਼ਾਇਆ ਗਿਆ ਹੈ:

| ਨਸ਼ੇ ਦੀ ਕਿਸਮ | ਘੱਟ ਤੋ ਘੱਟ ਉਮਰ |
|---|---|
| ਤੰਬਾਕ | 18 ਵਰ੍ਹੇਂ<br>(ਨੌਰਦਰਨ ਆਇਰਲੈਂਡ: 16 ਵਰ੍ਹੇਂ) |
| ਅਲਕੋਹਲ | 18 ਵਰ੍ਹੇਂ |
| ਮਿਸ਼ਰਣ | 18 ਵਰ੍ਹੇਂ<br>(ਸਕਾੱਟਲੈਂਡ: 16 ਵਰ੍ਹੇਂ) |

ਇੰਗਲੈਂਡ ਵਿੱਚ ਹਸ਼ੀਸ਼ ਰੱਖਣਾ ਗੈਰ-ਕਾਨੂੰਨੀ ਹੈ।

*ਉਮਰ ਦੇ ਸਬੂਤ ਵਜੋਂ ਆਪਣਾ ਡ੍ਰਾਈਵਿੰਗ ਲਾਇਸੇਂਸ ਜਾਂ ਪਾਸਪੋਰਟ ਵਰਤੋਂ।

ਜੇਕਰ ਤੁਹਾਨੂੰ ਕੋਈ ਡ੍ਰਗ ਦੀ ਪਰੇਸ਼ਾਨੀ ਹੋਵੇ ਤੁਸੀ 0800 776 600 ਤੇ ਨੈਸ਼ਨਲ ਡ੍ਰਗਸ ਹੈਲਪਲਾਈਨ (24 ਘੰਟੇ, ਹਫਤੇ ਵਿੱਚ 7 ਦਿਨ) ਨੂੰ ਰਿੰਗ ਕਰ ਸਕਦੇ ਹੋ ਜਾਂ ਨਾਰਕੋਟਿਕਸ ਐਨੱਨੀਮਸ ਵੈਬਸਾਈਟ http://www.ukna.org/ ਤੇ ਜਾ ਸਕਦੇ ਹੋ।

## ਅਲਕੋਹਲ

ਇੰਗਲੈਂਡ ਵਿੱਚ ਅਲਕੋਹਲ ਖਰੀਦਣ ਦੀ ਕਾਨੂੰਨੀ ਉਮਰ 18 ਵਰ੍ਹੇ ਹੈ। ਜੇਕਰ ਤੁਹਾਨੂੰ ਅਲਕੋਹਲ ਖਰੀਦਣ ਸਮੇਂ ਜਾਂ ਪਬ ਜਾਂ ਕਲਬ ਵਿੱਚ ਪ੍ਰਵੇਸ਼ ਕਰਦੇ ਸਮੇਂ ਤੁਹਾਡੀ ਉਮਰ ਦੇ ਸਬੂਤ ਲਈ ਪਛਾਣ ਦਿਖਾਉਣ ਲਈ ਕਿਹਾ ਜਾਵੇ ਤਾਂ ਉਲੰਘਣਾ ਨਾ ਕਰੋ। ਤੁਹਾਡਾ ਪਾਸਪੋਰਟ ਜਾਂ ਡ੍ਰਾਈਵਿੰਗ ਲਾਇਸੇਂਸ ਪਛਾਣ ਦੇ ਮੰਜ਼ੂਰ ਕੀਤੇ ਪ੍ਰਕਾਰ ਹਨ।

ਸੰਵੇਦਨਸ਼ੀਲਤਾ ਨਾਲ ਪੀਓ ਅਤੇ ਆਨੰਦ ਮਾਣੋ !

ਚੇਤੇ ਰੱਖੋ:
- ਜਨਤੱਕ ਥਾਂ ਤੇ ਪੀਣਾਂ ਅਤੇ ਹੁੜਦੰਗ ਮਚਾਉਣਾ ਗੁਨਾਹ ਹੈ। ਤੁਹਾਨੂੰ ਗ੍ਰਿਫਤਾਰ ਅਤੇ ਜੁਰਮਾਨਾ ਲਾਇਆ ਜਾ ਸਕਦਾ ਹੈ।
- ਜੇਕਰ ਤੁਹਾਨੂੰ ਵਰ੍ਹੇ ਵਿੱਚ ਤਿੰਨ ਵਾਰ ਸ਼ਰਾਬ ਪੀਣ ਸੰਬੰਧੀ ਗੁਨਾਹਾਂ ਵਿੱਚ ਫੜਿਆ ਜਾਂਦਾ ਹੈ ਤੇ ਤੁਹਾਡੇ ਉੱਤੇ ਤਿੰਨ ਵਰ੍ਹਿਆਂ ਲਈ ਅਲਕੋਹਲ ਖਰੀਦਣ ਤੇ ਪ੍ਰਤੀਬੰਧ ਲੱਗਾਇਆ ਜਾ ਸਕਦਾ ਹੈ।

ਜੇਕਰ ਤੁਹਾਨੂੰ ਅਲਕੋਹਲ ਸੰਬੰਧੀ ਪਰੇਸ਼ਾਨੀ ਹੈ, ਇੱਥੇ ਅਜਿਹੀ ਥਾਵਾਂ ਹਨ ਜਿੱਥੇ ਤੁਸੀ ਮਦਦ ਲਈ ਜਾ ਸਕਦੇ ਹੋ। ਜੇਕਰ ਤੁਸੀ ਆਪਣੇ ਡਾਕਟਰ ਨਾਲ ਗੱਲ ਕਰਦੇ ਹੋ, ਉਹ ਤੁਹਾਨੂੰ ਦਿਸ਼ਾ ਨਿਰਦੇਸ਼ ਦੇਣ ਜੋਗ ਹੋਵਾਂਗੇ। ਰਾਸ਼ਟਰੀ ਅਲਕੋਹਲਿਕ ਗੁਮਨਾਮ ਹੈਲਪਲਾਈਨ 0845 769 7555 ਤੇ ਟੇਲਿਫ਼ੋਨ ਕਰਕੇ ਉਪਲਬੱਧ ਹੈ। ਤੁਸੀ ਅਲਕੋਹਲਿਜ਼ਮ ਦੇ ਨਾਲ ਨਿਬਟਣ ਵਿੱਚ ਗੋਪਨੀਏ ਮਦਦ ਅਤੇ ਸਲਾਹ ਪ੍ਰਾਪਤ ਕਰ ਸਕਦੇ ਹੋ। ਤੁਸੀ ਡ੍ਰਿੰਕਲਾਈਨ – ਨੈਸ਼ਨਲ ਅਲਕੋਹਲ ਹੈਲਪਲਾਈਟ ਨੂੰ 0800 917 8282 (24 ਘੰਟੇ, ਹਫਤੇ ਵਿੱਚ 7 ਦਿਨ) ਤੇ ਵੀ ਕੱਲ ਕਰ ਸਕਦੇ ਹੋ।

## ਜਨਤੱਕ ਆਦੇਸ਼

ਇੰਗਲੈਂਡ ਦੀ ਪੁਲਿਸ ਨੂੰ ਡਰਾਉਣ, ਹੁੜਦੰਗ ਮਚਾਉਣ ਜਾਂ ਅਪਮਾਣ ਜਿਹੇ ਵਰਤਾਉਂ ਵਿੱਚ ਸ਼ਾਮਲ ਲੋਕਾਂ ਨੂੰ ਗ੍ਰਿਫਤਾਰ ਕਰਨ ਦਾ ਪੂਰਾ ਹੱਕ ਹੈ। ਜੇਕਰ ਤੁਹਾਨੂੰ ਕਿਸੇ ਦੂਜੇ ਬੰਦੇ ਨਾਲ ਹਿੰਸਾ ਕਰਦੇ ਅਤੇ ਡਰਾਉਣ ਵਾਲਾ ਵਰਤਾਉਂ ਕਰਦੇ ਫੜਿਆ ਜਾਂਦਾ ਹੈ, ਭਾਵੇਂ ਤੁਸੀ ਇੱਕਲੇ ਹੋਵੋ ਜਾਂ ਕਿਸੇ ਸਮੂਹ ਵਿੱਚ, ਤੁਹਾਨੂੰ ਸਜਾ ਦਿੱਤੀ ਜਾਵੇਗੀ।

ਜਨਤੱਕ ਆਦੇਸ਼ ਗੁਨਾਹਾਂ ਵਿੱਚ ਸ਼ਾਮਲ ਹਨ:
- ਦੰਗਾ
- ਹਿੰਸਕ ਹੁੜਦੰਗ
- ਸ਼ਰਾਬ ਪੀਣਾ ਅਤੇ ਹੁੜਦੰਗ ਮਚਾਉਣਾ
- ਗੁਨਾਹਗਾਰੀ ਨੁਕਸਾਨ ਕਰਨਾ
- ਪੁਲਿਸ ਦੇ ਕੰਮ ਵਿੱਚ ਦਖ਼ਲ ਦੇਣਾ
- ਗੁਨਾਹਗਾਰੀ ਹਥਿਆਰ ਨਾਲ ਫੜਿਆ ਜਾਣਾ

## ਸਮਾਜ-ਰੋਧੀ ਵਰਤਾਉਂ ਆਦੇਸ਼ਛ

ਜੇਕਰ ਤੁਹਾਨੂੰ ਸਮਾਜ-ਰੋਧੀ ਵਰਤਾਉ ਕਰਦੇ ਫੜਿਆਂ ਜਾਂਦਾ ਹੈ, ਤੁਹਾਡੇ ਵਿਰੁੱਧ ਸਮਾਜ-ਰੋਧੀ ਆਦੇਸ਼ ਜਾਰੀ ਕੀਤਾ ਜਾ ਸਕਦਾ ਹੈ। ਸਮਾਜ-ਰੋਧੀ ਆਦੇਸ਼ 10 ਵਰ੍ਹੇ ਦੀ ਉਮਰ ਦੇ ਬੰਦੇ ਤੇ ਲੱਗਾਇਆ ਜਾ ਸਕਦਾ ਹੈ। ਅਜਿਹਾ ਵਰਤਾਉਂ ਜਿਸ ਨਾਲ ਸਮੁਦਾਏ ਦੇ ਦੂਜੇ ਲੋਕਾਂ ਦਾ ਉਤਪੀੜਨ, ਪਰੇਸ਼ਾਨੀ ਜਾਂ ਤਨਾਅ ਪੈਦਾ ਹੁੰਦਾ ਹੈ, ਉਸਨੂੰ ਸਮਾਜ-ਰੋਧੀ ਮੰਨਿਆ ਜਾਂਦਾ ਹੈ।

ਇਸ ਵਿੱਚ ਇਹ ਸ਼ਾਮਲ ਹੈ:
- ਗੰਦੀ ਅਤੇ ਡਰਾਉਣ ਵਾਲੀ ਭਾਸ਼ਾ
- ਆਵਾਜ ਨਾਲ ਤੰਗ ਕਰਨਾ
- ਕੂੜੀ ਸੁੱਟਣਾ
- ਜਨਤੱਕ ਥਾਂ ਤੇ ਪੀਕੇ ਡ੍ਰਾਮਾ ਕਰਨਾ
- ਡ੍ਰਗਾਂ ਦਾ ਵਪਾਰ ਕਰਨਾ
- ਘੱਟ ਉਮਰ ਵਿੱਚ ਸਮੋਕਿੰਗ/ਸ਼ਰਾਬ ਪੀਣਾ
- ਜੱਅਰਾਈਡਿੰਗ

- ਰੰਡੀਬਾਜੀ
- ਕਰਬ-ਕੁਲਬੁਲਾਨਾ
- ਗ੍ਰੈਫਿਟੀ ਅਤੇ ਦੂਜੇ ਬੁਰੇ ਕੰਮ
- ਭਿੱਖ ਮੰਗਣਾ
- ਹਮਲਾ ਕਰਨਾ
- ਗੱਡੀ ਗੁਨਾਹ
- ਜਾਤੀਏ ਸੰਬੰਧੀ ਗਾਲੀ ਦੇਣਾ

## ਨਫ਼ਰਤ ਦਾ ਗੁਨਾਹ

ਨਫ਼ਰਤ ਦਾ ਗੁਨਾਹ ਇੱਕ ਗੰਭੀਰ ਗੁਨਾਹ ਹੈ ਕਿਸੇ ਬੰਦੇ ਦੇ ਲਿੰਗ, ਜਾਤੀ, ਧਰਮ, ਰੰਗ, ਨਸਲ, ਅਜੋਗਤਾ ਜਾਂ ਲੈਂਗਿਕ ਸਥਿਤੀ ਨਾਲ ਨਫ਼ਰਤ ਕਾਰਣ ਕਿਸੇ ਬੰਦੇ ਜਾਂ ਸੰਪਤੀ ਨਾਲ ਕੀਤਾ ਜਾਂਦਾ ਹੈ।

ਉਹ ਲੋਕ ਜੋ ਨਫ਼ਰਤ ਦਾ ਗੁਨਾਹ ਕਰਦੇ ਹਨ ਉੱਤੇ ਕੋਰਟ ਵਿੱਚ ਕਾਰਵਾਈ ਕੀਤੀ ਜਾਂਦੀ ਹੈ ਜਿਸਦਾ ਨਤੀਜਾ ਇਹ ਹੋ ਸਕਦਾ ਹੈ:
- ਕੈਦ ਦੀ ਸਜਾ
- ਬੇਦਖ਼ਲ ਕਰਨਾ
- ਜੁਰਮਾਨਾ
- ਸਮਾਜ-ਰੋਧੀ ਵਰਤਾਉਂ ਆਦੇਸ਼

ਜੇਕਰ ਤੁਹਾਡੇ ਨਾਲ ਨਫ਼ਰਤ ਦਾ ਗੁਨਾਹ ਕੀਤਾ ਜਾਂਦਾ ਹੈ – ਉਸਦੀ ਰਿਪੋਰਟ ਕਰੋ। ਤੁਸੀ ਨਫਰਤ ਭਰੇ ਗੁਨਾਹਾਂ ਦੀ ਸਟੱਪ ਹੇਟ ਯੂਕੇ ਨੂੰ http://www.stophateuk.org, info@stophateuk.org, ਸਟੱਪ ਹੇਟ ਲਾਈਟ (ਟੈਕਸਟਡਾਇਰੈਕਟ): 18001 0800 138 1625 ਤੇ ਰਿਪੋਰਟ ਕਰ ਸਕਦੇ ਹੋ ਜਾਂ 0800 138 1625 ਤੇ ਸਟੱਪ ਹੇਟ ਲਾਈਨ ਨੂੰ ਕੱਲ ਕਰ ਸਕਦੇ ਹੋ ਤੁਹਾਡੀ ਸੁਰੱਖਿਆ ਅਤੇ ਤੁਹਾਡਾ ਸਹਯੋਗ ਕਰਨਾ ਅਧਿਕਰਣ ਜਿਵੇਂ ਪੁਲਿਸ, ਸਕੂਲ ਅਤੇ ਸਥਾਨੱਕ ਅਧਿਕਰਣ ਦੀ ਡਿਊਟੀ ਹੈ।

## ਘਰੇਲੂ ਹਿੰਸਾ

ਪਰਿਵਾਰ ਜਾਂ ਸੰਬੰਧੀਆਂ ਵਿੱਚ ਹਿੰਸਕ ਵਰਤਾਉਂ ਦੀ ਕਿਸੇ ਵੀ ਘਟਨਾ ਨੂੰ ਘਰੇਲੂ ਹਿੰਸਾ ਆਖਿਆ ਜਾਂਦਾ ਹੈ। ਜੇਕਰ ਤੁਹਾਨੂੰ ਤੁਹਾਡੇ ਕਿਸੇ ਨਜ਼ਦੀਕੀ ਬੰਦੇ ਵਲੋਂ ਦਿਮਾਗੀ ਜਾਂ ਸ਼ਰੀਰਕ ਰੂਪ ਤੋਂ ਨੁਕਸਾਨ ਪਹੁੰਚਾਇਆ ਜਾਂਦਾ ਹੈ ਤੇ ਤਤਕਾਲ ਉਸਦੀ ਰਿਪੋਰਟ ਕਰੋ। ਤੁਸੀ ਗੋਪਨੀਏਤਾ ਨਾਲ ਡਾਕਟਰ, ਪੁਲਿਸ ਜਾਂ ਸੇਹਤ ਵਿਜ਼ੀਟਰ ਨਾਲ ਗੱਲ ਕਰ ਸਕਦੇ ਹੋ। ਉਹ ਸਾਰੇ ਤੁਹਾਡੇ ਸਹਯੋਗ ਅਤੇ ਸੁਰੱਖਿਆ ਦੇ ਜੋਗ ਹਨ।

ਆਪਾਤਕਾਲ ਵਿੱਚ, ਤੁਹਾਨੂੰ 999 ਦੇ ਫ਼ੋਨ ਕਰਕੇ ਪੁਲਿਸ ਨਾਲ ਸੰਪਰਕ ਕਰਨਾ ਚਾਹੀਦਾ ਹੈ। ਘਰੇਲੂ ਹਿੰਸਾ ਨਾਲ ਪੁਲਿਸ ਅਤੇ ਕੋਰਟ ਬਹੁਤ ਗੰਭੀਰਤਾ ਨਾਲ ਨਿਬਟਦੀ ਹੈ।

ਇੱਕ 24 ਘੰਟੇ ਦੀ ਰਾਸ਼ਟਰੀ ਘਰੇਲੂ ਹਿੰਸਾ ਹੈਲਪਲਾਈਨ 0808 2000 247 ਤੇ ਘਰੇਲੂ ਹਿੰਸਾ ਬਾਰੇ ਗੋਪਨੀਏ ਮਦਦ ਅਤੇ ਸਲਾਹ ਪੇਸ਼ ਕਰਦੀ ਹੈ।

## ਵਿਕਟਿਮ ਸਪੋਰਟ

'ਵਿਕਟਿਮ ਸਪੋਰਟ' ਉਹਨਾਂ ਲੋਕਾਂ ਦੀ ਮਦਦ ਕਰਦੀ ਹੈ ਜਿਹਨਾਂ ਨੇ ਗੁਨਾਹਾਂ ਦੇ ਪ੍ਰਭਾਵਾਂ ਤੋਂ ਬੱਚਣ ਲਈ ਇਸਦਾ ਅਨੁਭਵ ਕੀਤਾ ਹੋਵੇ। ਉਹ ਮੁਫਤ ਅਤੇ ਗੋਪਨੀਏ ਜਾਣਕਾਰੀ ਮੁਹਈਆ ਕਰਾਉਂਦੇ ਹਨ। ਤੁਸੀ 0845 3030 900 ਤੇ 'ਵਿਕਟਿਮ ਸਪੋਰਟਲਾਈਨ' ਨਾਲ ਸੰਪਰਕ ਕਰ ਸਕਦੇ ਹੋ ਜਾਂ http://www.victimsupport.org.uk ਤੇ ਜਾ ਸਕਦੇ ਹੋ।

## ਜੇਕਰ ਤੁਸੀ ਗੁਨਾਹ ਕੀਤਾ ਹੈ

ਜੇਕਰ ਤੁਸੀ ਗੁਨਾਹ ਕੀਤਾ ਹੈ, ਤੁਹਾਨੂੰ ਪੁਲਿਸ ਨਾਲ ਸੰਪਰਕ ਕਰਨਾ ਚਾਹੀਦਾ ਹੈ। ਜੇਕਰ ਤੁਸੀ ਚਾਹੋ, ਤੁਸੀ ਸਾਲੀਸਿਟਰ ਨਾਲ ਸੰਪਰਕ ਕਰ ਸਕਦੇ ਹੋ ਜੋ ਪੁਲਿਸ ਸਟੇਸ਼ਨ ਵਿੱਚ ਤੁਹਾਡਾ ਸਾਥ ਦੇਵੇਗਾ।

ਜੇਕਰ ਤੁਹਾਨੂੰ ਗੁਨਾਹ ਕਰਨ ਦੇ ਸ਼ਕ ਉੱਤੇ ਫੜਿਆ ਜਾਂਦਾ ਹੈ, ਚੇਤੇ ਰੱਖੋ:
- ਸ਼ਾਂਤ ਰਹੋ
- ਆਪਣਾ ਸਹੀ ਨਾਂ ਅਤੇ ਪਤਾ ਦਿਓ ਜੇਕਰ ਪੁੱਛਿਆ ਜਾਵੇ

- ਗੁੱਸਾ ਨਾ ਹੋਵ
- ਗ੍ਰਿਫਤਾਰ ਕਰਨ ਵਾਲੇ ਪੁਲਿਸ ਅਫ਼ਸਰ ਨੂੰ ਰਿਸ਼ਵਤ ਦੇਣ ਦਾ ਜਤਨ ਨਾ ਕਰ
- ਸਾਲੀਸਿਟਰ ਜਾਂ ਵਕੀਲ ਤੋਂ ਸਲਾਹ ਲਏ ਬਿਨਾ ਕਿਸੇ ਵੀ ਬਿਆਨ ਤੇ ਦਸਤਖ਼ਤ ਨਾ ਕਰੋ। ਇੱਕ ਕੱਲ ਕਰਨ ਤੇ ਸਾਲੀਸਿਟਰ ਹਮੇਸ਼ਾ ਪੁਲਿਸ ਸਟੇਸ਼ਨ ਆ ਜਾਂਦਾ ਹੈ।

ਜੇਕਰ ਤੁਹਾਨੂੰ ਪ੍ਰਸ਼ਨ ਪੁੱਛਣ ਲਈ ਗ੍ਰਿਫਤਾਰ ਜਾਂ ਨਜ਼ਰਬੰਦ ਕੀਤਾ ਜਾਂਦਾ ਹੈ ਤੇ ਤੁਹਾਨੂੰ ਇੱਕ ਮੁਫ਼ਤ ਟੇਲਿਫ਼ੋਨ ਕੱਲ ਕਰਨ ਦਾ ਹੱਕ ਹੋਵੇਗਾ। ਤੁਹਾਨੂੰ ਮੁਫ਼ਤ ਅਤੇ ਸੁਤੰਤਰ ਕਾਨੂੰਨੀ ਸਲਾਹ ਵੀ ਪੇਸ਼ ਕੀਤੀ ਜਾਵੇਗੀ ਅਤੇ ਤੁਹਾਨੂੰ ਤੁਹਾਡੇ ਹੱਕਾਂ ਦਾ ਵੇਰਵਾ ਦਿੱਤਾ ਜਾਵੇਗਾ।




# ਨਿੱਜੀ ਸੁਰੱਖਿਆ

### ਵੇਰਵਾ

ਯੂਕੇ ਮੁਕਾਬਲਤਨ ਇਕ ਸੁਰੱਖਿਅਤ ਜਗ੍ਹਾ ਹੈ। ਹਾਲਾਂਕਿ, ਇਹ ਮੁਨਾਸਬ ਹੈ ਕਿ ਤੁਹਾਡੀ ਨਿੱਜੀ ਸੁਰੱਖਿਆ ਅਤੇ ਇਸਦੇ ਨਾਲ ਹੀ ਤੁਹਾਡੀ ਸੰਪਤੀ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਾਵਧਾਨੀਆਂ ਵਰਤੀਆਂ ਜਾਣ।

### ਅੱਗ ਤੋਂ ਸੁਰੱਖਿਆ

ਅਜਿਹੀਆਂ ਬਹੁਤ ਸਾਰੀਆਂ ਸਾਵਧਾਨੀਆਂ ਹਨ ਜੋ ਤੁਹਾਨੂੰ ਆਪਣੇ ਘਰ ਵਿੱਚ ਅੱਗ ਲੱਗਣ ਤੋਂ ਰੋਕਣ ਵਿੱਚ ਮਦਦ ਲਈ ਲੈਣੀਆਂ ਚਾਹੀਦੀਆਂ ਹਨ ਅਤੇ ਕਈ ਕੰਮ ਹਨ ਜੋ ਤੁਸੀਂ ਇਸਦੇ ਪ੍ਰਭਾਵ ਨੂੰ ਘਟਾਉਣ ਲਈ ਕਰ ਸਕਦੇ ਹੋ। ਮਿਸਾਲ ਲਈ:

- **ਸਮੋਕ ਅਲਾਰਮ ਸਥਾਪਤ ਕਰੋ:** ਯਕੀਨੀ ਬਣਾਓ ਕਿ ਤੁਸੀਂ ਬਾਕਾਇਦਾ ਬੈਟਰੀਆਂ ਦੀ ਜਾਂਚ ਕਰਦੇ ਹੋ।
- **ਅੱਗ ਤੋਂ ਬਚਣ ਦੇ ਰਾਹ ਦੀ ਵਿਉਂਤ ਬਣਾਓ ਅਤੇ ਇਹ ਜਾਣੋ ਕਿ ਐਮਰਜੈਂਸੀ ਵਿੱਚ ਕੀ ਕਰਨਾ ਹੈ:** ਯਕੀਨੀ ਬਣਾਓ ਕਿ ਤੁਹਾਡੇ ਪਰਿਵਾਰ ਵਿੱਚ ਹਰੇਕ ਵਿਅਕਤੀ ਜਾਣਦਾ ਹੋਵੇ ਕਿ ਅੱਗ ਲੱਗਣ ਦੀ ਸਥਿਤੀ ਵਿੱਚ ਕੀ ਕਰਨਾ ਹੈ।
- **ਹੀਟਰਾਂ, ਮੋਮਬੱਤੀਆਂ ਅਤੇ ਸਿਗਰਟਾਂ ਤੋਂ ਸਚੇਤ ਰਹੋ।**
- **ਬਿਜਲੀ ਤੋਂ ਲੱਗਣ ਵਾਲੀਆਂ ਅੱਗਾਂ ਦਾ ਜੋਖਮ ਘਟਾਓ:** ਅਡੈਪਟਰਾਂ ਉੱਪਰ ਬਹੁਤ ਸਾਰੇ ਪਲੱਗ ਲਗਾ ਕੇ ਵਾਧੂ ਲੋਡ ਨਾ ਪਾਓ, ਉਪਕਰਣਾਂ ਦੀ ਜਾਂਚ ਬਿਜਲੀ ਦੇ ਕਿਸੇ ਯੋਗਤਾ ਪ੍ਰਾਪਤ ਮਿਸਤਰੀ ਤੋਂ ਕਰਵਾਓ ਅਤੇ ਜਦੋਂ ਉਪਕਰਣ ਵਰਤੋਂ ਵਿੱਚ ਨਾ ਹੋਣ ਤਾਂ ਉਹਨਾਂ ਦੇ ਪਲੱਗ ਕੱਢ ਦਿਓ।
- **ਘਰ ਦਾ ਬੀਮਾ ਕਰਾਓ:** ਕਈ ਬੀਮੇ ਉਪਲਬਧ ਹਨ। ਕਿਸੇ ਅਜਿਹੇ ਬੀਮੇ ਦੀ ਚੋਣ ਕਰੋ ਜੋ ਤੁਹਾਡੀਆਂ ਲੋੜਾਂ ਤੇ ਢੁੱਕਵਾਂ ਬੈਠਦਾ ਹੋਵੇ।

ਜੇ ਤੁਸੀ ਕਿਰਾਏ ਦੀ ਰਿਹਾਇਸ਼ ਵਿੱਚ ਰਹਿ ਰਹੇ ਹੋ ਤਾਂ ਯਕੀਨੀ ਬਣਾਓ ਕਿ ਇਹ ਸਿਹਤ ਅਤੇ ਸੁਰੱਖਿਆ ਦੇ ਕਨੂੰਨੀ ਮਾਪਦੰਡਾਂ ਤੇ ਪੂਰੀ ਉਤਰਦੀ ਹੋਵੇ। ਦਿਸ਼ਾ-ਨਿਰਦੇਸ਼ ਤੁਹਾਡੀ ਸਥਾਨਕ ਕੌਂਸਲ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ।

### ਕ੍ਰੈਡਿਟ ਕਾਰਡ

ਕ੍ਰੈਡਿਟ ਕਾਰਡ ਦੀ ਵਰਤੋਂ ਕਰਦੇ ਸਮੇਂ ਚੌਕਸ ਰਹੋ। ਹੇਠਾਂ ਕੁਝ ਗੱਲਾਂ ਦੱਸੀਆਂ ਗਈਆਂ ਹਨ ਜਿਹਨਾਂ ਉੱਪਰ ਤੁਹਾਨੂੰ ਆਪਣਾ ਕ੍ਰੈਡਿਟ ਕਾਰਡ ਵਰਤਦੇ ਸਮੇਂ ਗੌਰ ਕਰਨਾ ਚਾਹੀਦਾ ਹੈ:

- ਯਕੀਨੀ ਬਣਾਓ ਕਿ ਤੁਹਾਨੂੰ ਲਾਗੂ ਹੋਣ ਵਾਲੇ ਸਾਰੇ ਖਰਚਿਆਂ ਬਾਰੇ ਪਤਾ ਹੋਵੇ।
- ਜਦੋਂ ਤੁਸੀਂ ਆਪਣੇ ਕ੍ਰੈਡਿਟ ਕਾਰਡ ਦਾ ਬਿਲ ਨਹੀਂ ਭਰਦੇ, ਤਾਂ ਤੁਸੀਂ ਅਸਾਨੀ ਨਾਲ ਕਰਜ਼ੇ ਵਿੱਚ ਡੁੱਬ ਸਕਦੇ ਹੋ।
- ਕੋਸ਼ਿਸ਼ ਕਰੋ ਕਿ ਤੁਸੀਂ ਨਕਦ ਕਢਵਾਉਣ ਲਈ ਆਪਣੇ ਕ੍ਰੈਡਿਟ ਕਾਰਡ ਦੀ ਵਰਤੋਂ ਨਾ ਕਰੋ ਕਿਉਂਕਿ ਜਦੋਂ ਤੱਕ ਤੁਸੀਂ ਇਸਦਾ ਭੁਗਤਾਨ ਨਹੀਂ ਕਰੋਗੇ ਤੁਹਾਨੂੰ ਹਰ ਰੋਜ਼ ਉਸ ਤੇ ਖਰਚਾ ਪਏਗਾ।
- ਡਾਇਰੈਕਟ ਡੈਬਿਟ ਤੈਅ ਕਰੋ ਜੋ ਹਰੇਕ ਮਹੀਨੇ ਹਮੇਸ਼ਾਂ ਘੱਟੋ-ਘੱਟ ਅਦਾਇਗੀ ਦਾ ਭੁਗਤਾਨ ਕਰੇਗਾ, ਪਰ ਯਾਦ ਰੱਖੋ ਕਿ ਜੇ ਤੁਸੀਂ ਕਰ ਸਕਦੇ ਹੋ ਤਾਂ ਵਧੇਰੇ ਭੁਗਤਾਨ ਕਰੋ।
- ਦੁਕਾਨਾਂ ਵਿੱਚ 'ਸਟੋਰ ਕ੍ਰੈਡਿਟ ਕਾਰਡ' ਕੱਢਦੇ ਸਮੇਂ ਚੌਕਸ ਰਹੋ। ਯਕੀਨੀ ਬਣਾਓ ਕਿ ਤੁਸੀਂ ਇਸਦੇ APR* ਦੀ ਜਾਂਚ ਕਰੋ। ਦੁਕਾਨਾਂ ਅਕਸਰ ਤੁਹਾਨੂੰ ਖਾਸ ਪੇਸ਼ਕਸ਼ਾਂ ਪ੍ਰਾਪਤ ਕਰਨ ਲਈ ਕਾਰਡ ਸਵੀਕਾਰ ਕਰਨ ਦਾ ਲਾਲਚ ਦੇਣਗੀਆਂ।

*APR = Annual Percentage Rate of charge (ਖਰਚੇ ਦੀ ਸਲਾਨਾ ਪ੍ਰਤੀਸ਼ਤ ਦਰ)

## ਪਛਾਣ ਦੀ ਚੋਰੀ

ਯੂਕੇ ਵਿੱਚ ਪਛਾਣ ਦੀ ਚੋਰੀ ਲਗਾਤਾਰ ਆਮ ਹੁੰਦੀ ਜਾ ਰਹੀ ਹੈ। ਤੁਹਾਡੇ ਵਿਅਕਤੀਗਤ ਵੇਰਵਿਆਂ ਅਤੇ ਇਸਦੇ ਨਾਲ ਹੀ ਤੁਹਾਡੇ ਬੈਂਕ ਸਬੰਧੀ ਵੇਰਵਿਆਂ ਦੀ ਚੋਰੀ ਕਰਕੇ ਲੋਕ ਗੈਰ ਕਨੂੰਨੀ ਢੰਗ ਨਾਲ ਕ੍ਰੈਡਿਟ ਕਾਰਡਾਂ ਲਈ ਅਰਜ਼ੀ ਦੇ ਸਕਦੇ ਹਨ ਜਾਂ ਤੁਹਾਡੇ ਪੈਸੇ ਦੀ ਵਰਤੋਂ ਕਰਕੇ ਖਰੀਦਦਾਰੀ ਕਰ ਸਕਦੇ ਹਨ। ਇਹ ਅਹਿਮ ਹੈ ਕਿ ATMs ਦੀ ਵਰਤੋਂ ਕਰਦੇ ਸਮੇਂ ਅਤੇ ਇੰਟਰਨੈੱਟ ਤੇ ਫ਼ਾਰਮ ਭਰਦੇ ਸਮੇਂ ਤੁਸੀਂ ਸਾਵਧਾਨ ਰਹੋ।

### *ATMs*

ਕਿਸੇ ATM ਤੇ ਕ੍ਰੈਡਿਟ ਜਾਂ ਡੈਬਿਟ ਕਾਰਡ ਦੀ ਵਰਤੋਂ ਕਰਦੇ ਸਮੇਂ ਕੁਝ ਗੱਲਾਂ ਹਨ ਜੋ ਤੁਹਾਨੂੰ ਯਾਦ ਰੱਖਣੀਆਂ ਪੈਂਦੀਆਂ ਹਨ ਤਾਂ ਕਿ ਲੋਕਾਂ ਨੂੰ ਵੇਰਵਿਆਂ ਦੀ ਨਕਲ ਕਰਨ, ਤੁਹਾਡੇ ਕਾਰਡ ਨੂੰ ਚੋਰੀ ਕਰਨ ਜਾਂ ਵਰਤਣ ਤੋਂ ਰੋਕਿਆ ਜਾ ਸਕੇ:

- ਜੇ ਤੁਹਾਡਾ ਕਾਰਡ ਗੁੰਮ ਹੋ ਜਾਵੇ ਜਾਂ ਤੁਹਾਨੂੰ ਲਗਦਾ ਹੋਵੇ ਕਿ ਇਹ ਚੋਰੀ ਕੀਤਾ ਗਿਆ ਹੈ ਤਾਂ ਤੁਰੰਤ ਬੈਂਕ ਨੂੰ ਸੂਚਿਤ ਕਰੋ। ਉਹ ਤੁਹਾਡਾ ਕਾਰਡ ਕਿਸੇ ਹੋਰ ਨੂੰ ਵਰਤਣ ਤੋਂ ਰੋਕ ਸਕਣਗੇ। ਜੇ ਤੁਸੀਂ ਉਹਨਾਂ ਨੂੰ ਤੁਰੰਤ ਸੂਚਿਤ ਨਹੀਂ ਕਰਦੇ ਤਾਂ ਬੈਂਕ ਤੁਹਾਡੇ ਤੇ ਖਰਚਾ ਪਾ ਸਕਦੇ ਹਨ।
- ਆਪਣਾ PIN ਨੰਬਰ ਛੁਪਾ ਕੇ ਰੱਖੋ। ਜਦੋਂ ਤੁਹਾਨੂੰ ਕਿਸੇ ਵੀ ਮਸ਼ੀਨ ਤੇ ਆਪਣਾ PIN ਨੰਬਰ ਟਾਈਪ ਕਰਨ ਦੀ ਲੋੜ ਪਏ, ਤਾਂ ਯਕੀਨੀ ਬਣਾਓ ਕਿ ਤੁਸੀਂ ਅਜਿਹਾ ਦੂਜਿਆਂ ਤੋਂ ਅੱਡ ਹੋ ਕੇ ਕਰੋ।
- ATM ਦੀ ਵਰਤੋਂ ਕਰਦੇ ਸਮੇਂ ਆਪਣੇ ਆਲੇ-ਦੁਆਲੇ ਤੋਂ ਸਚੇਤ ਰਹੋ।

### *ਇੰਟਰਨੈੱਟ ਸੁਰੱਖਿਆ*

ਇੰਟਰਨੈੱਟ ਉੱਪਰ ਆਪਣੇ ਨਿੱਜੀ ਵੇਰਵੇ ਦਿੰਦੇ ਸਮੇਂ ਸਾਵਧਾਨ ਰਹੋ। ਇਹ ਅਹਿਮ ਹੈ ਕਿ ਤੁਸੀਂ:

- ਇਹ ਯਕੀਨੀ ਬਣਾਓ ਕਿ ਤੁਸੀਂ ਕਿਸੇ ਭਰੋਸੇਯੋਗ ਵੈਬ ਸਾਈਟ ਦੀ ਵਰਤੋਂ ਕਰ ਰਹੇ ਹੋ ਅਤੇ ਇਹ ਦੇਖਣ ਲਈ ਉਹਨਾਂ ਦੇ ਨਿਯਮਾਂ ਅਤੇ ਸ਼ਰਤਾਂ ਦੀ ਜਾਂਚ ਕਰੋ ਕਿ ਉਹ ਤੁਹਾਡੇ ਵੇਰਵਿਆਂ ਦੀ ਵਰਤੋਂ ਕਿਵੇਂ ਕਰਨਗੇ।
- ਆਪਣੇ ਬ੍ਰਾਊਜ਼ਰ ਦੀ ਵਿੰਡੋ ਦੇ ਹੇਠਾਂ ਪੈਡਲੱਕ ਦਾ ਚਿੰਨ੍ਹ ਦੇਖੋ। ਇਹ ਦਿਖਾਉਂਦਾ ਹੈ ਕਿ ਇਹ ਇੱਕ ਸੁਰੱਖਿਅਤ ਸਾਈਟ ਹੈ। ਵੈਬ ਐਡਰੈੱਸ ਵੀ 'https:' ਤੋਂ ਸ਼ੁਰੂ ਹੋਣਾ ਚਾਹੀਦਾ ਹੈ।
- ਆਪਣੇ ਬੈਂਕ ਸਬੰਧੀ ਵੇਰਵੇ ਕਦੇ ਵੀ ਈਮੇਲ ਰਾਹੀਂ ਨਾ ਭੇਜੋ।

ਯਾਦ ਰੱਖੋ:

ਹਮੇਸ਼ਾਂ ਰਸੀਦਾਂ ਅਤੇ ਬੈਂਕ ਦੇ ਵੇਰਵਿਆਂ ਨੂੰ ਸੁਰੱਖਿਅਤ ਰੱਖੋ ਅਤੇ ਜਦੋਂ ਤੁਹਾਨੂੰ ਉਹਨਾਂ ਦੀ ਲੋੜ ਬਿਲਕੁਲ ਨਾ ਹੋਵੇ, ਤਾਂ ਉਹਨਾਂ ਨੂੰ ਟੁਕੜੇ-ਟੁਕੜੇ ਕਰ ਦਿਓ, ਫਾੜ ਦਿਓ ਜਾਂ ਸੁਰੱਖਿਅਤ ਢੰਗ ਨਾਲ ਸਾੜ ਦਿਓ। ਇਹ ਲੋਕਾਂ ਨੂੰ ਤੁਹਾਡੇ ਵੇਰਵੇ ਪ੍ਰਾਪਤ ਕਰਨ ਲਈ ਤੁਹਾਡੇ ਕੂੜੇ-ਕਚਰੇ ਤੋਂ ਕੁਝ ਵੀ ਲੱਭਣ ਤੋਂ ਰੋਕੇਗਾ।

## ਮੋਬਾਈਲ ਫ਼ੋਨ

ਮਹਿੰਗੇ ਮੋਬਾਈਲ ਫ਼ੋਨ ਚੋਰਾਂ ਨੂੰ ਆਕਰਸ਼ਤ ਕਰ ਸਕਦੇ ਹਨ। ਅਜਿਹੀਆਂ ਬਹੁਤ ਸਾਰੀਆਂ ਗੱਲਾਂ ਹਨ ਜੋ ਤੁਸੀਂ ਮੋਬਾਈਲ ਫ਼ੋਨ ਦੀ ਚੋਰੀ ਦਾ ਨਿਸ਼ਾਨਾ ਬਣਨ ਤੋਂ ਰੋਕਣ ਵਿੱਚ ਮਦਦ ਕਰਨ ਲਈ ਕਰ ਸਕਦੇ ਹੋ:

- ਆਪਣੇ ਫ਼ੋਨ ਨੂੰ ਛੁਪਾ ਕੇ ਰੱਖੋ। ਇਸਦੀ ਵਰਤੋਂ ਹਮੇਸ਼ਾ ਉਦੋਂ ਹੀ ਕਰੋ ਜਦੋਂ ਤੁਹਾਨੂੰ ਸੱਚਮੁੱਚ ਇਸਦੀ ਲੋੜ ਪਏ।
- ਕੋਸ਼ਿਸ਼ ਕਰੋ ਕਿ ਤੁਸੀਂ ਇਸਨੂੰ ਰਾਤ ਦੇ ਸਮੇਂ ਆਮ ਜਨਤਾ ਵਿੱਚ ਨਾ ਵਰਤੋ ਕਿਉਂਕਿ ਇਹ ਅਸਾਨੀ ਨਾਲ ਚੋਰਾਂ ਦਾ ਧਿਆਨ ਖਿੱਚ ਸਕਦਾ ਹੈ।
- ਇਸਨੂੰ ਆਪਣੀ ਗਰਦਨ ਦੇ ਦੁਆਲੇ ਜਾਂ ਬੈਲਟ ਤੇ ਨਾ ਲਗਾਓ।
- ਜੇ ਤੁਸੀਂ ਆਪਣੇ ਫ਼ੋਨ ਦੀ ਵਰਤੋਂ ਆਮ ਜਨਤਾ ਵਿੱਚ ਕਰ ਰਹੇ ਹੋ, ਤਾਂ ਇਸ ਬਾਰੇ ਚੌਕਸ ਰਹੋ ਕਿ ਤੁਹਾਡੇ ਆਲੇ-ਦੁਆਲੇ ਕੀ ਵਾਪਰ ਰਿਹਾ ਹੈ।
- ਇਸਨੂੰ ਕਦੇ ਵੀ ਕਿਸੇ ਅਜਿਹੀ ਜਗ੍ਹਾ ਤੇ ਨਾ ਛੱਡੋ ਜਿੱਥੇ ਕੋਈ ਅਸਾਨੀ ਨਾਲ ਇਸਨੂੰ ਚੋਰੀ ਕਰ ਸਕਦਾ ਹੋਵੇ।
- ਆਪਣੇ ਫ਼ੋਨ ਦੇ ਨਿਰਮਾਤਾ ਅਤੇ ਮਾਡਲ ਬਾਰੇ ਅਤੇ ਇਸਦੇ ਨਾਲ ਹੀ ਆਪਣੇ ਹੈਂਡਸੈੱਟ ਦੇ ਅਨੋਖੇ ਸ਼ਨਾਖਤੀ ਨੰਬਰ (unique identification number = IMEI ਸੰਖਿਆ) ਨੂੰ ਕਿਤੇ ਲਿਖ ਕੇ ਰੱਖੋ। ਇਹ ਬੈਟਰੀ ਦੇ ਪਿੱਛੇ ਜਾਂ ਤੁਹਾਡੇ ਫ਼ੋਨ 'ਤੇ *#06# ਡਾਇਲ ਕਰਕੇ ਮਿਲ ਸਕਦਾ ਹੈ। ਜੇ ਤੁਹਾਡਾ ਫ਼ੋਨ ਚੋਰੀ ਹੋ ਜਾਂਦਾ ਹੈ ਤਾਂ ਤੁਸੀਂ ਆਪਣੇ ਸੇਵਾ ਪ੍ਰਦਾਤਾ ਨੂੰ ਇਹ ਵੇਰਵੇ ਦੇ ਸਕਦੇ ਹੋ ਅਤੇ ਉਹ ਕਿਸੇ ਹੋਰ ਨੂੰ ਤੁਹਾਡੇ ਫ਼ੋਨ ਦੀ ਵਰਤੋਂ ਕਰਨ ਤੋਂ ਰੋਕ ਸਕਦੇ ਹਨ।
- ਜੇ ਇਹ ਖਰਾਬ ਹੋ ਜਾਵੇ, ਗੁੰਮ ਹੋ ਜਾਵੇ ਜਾਂ ਚੋਰੀ ਹੋ ਜਾਵੇ ਤਾਂ ਤੁਸੀਂ ਆਪਣੇ ਮੋਬਾਈਲ ਫ਼ੋਨ ਤੇ ਬੀਮਾ ਵਰਤ ਸਕਦੇ ਹੋ। ਸਾਰੇ ਨਿਯਮਾਂ ਅਤੇ ਸ਼ਰਤਾਂ ਦੀ ਜਾਂਚ ਕਰੋ।

ਯਾਦ ਰੱਖੋ:
ਜੇ ਤੁਹਾਡਾ ਫ਼ੋਨ ਚੋਰੀ ਹੋ ਜਾਂਦਾ ਹੈ ਤਾਂ ਲਾਜ਼ਮੀ ਹੈ ਕਿ ਤੁਸੀਂ ਇਸਦੀ ਸੂਚਨਾ ਪੁਲੀਸ ਨੂੰ ਦਿਓ।

## ਵਾਹਨ ਸੁਰੱਖਿਆ

ਅਜਿਹੀਆਂ ਬਹੁਤ ਸਾਰੀਆਂ ਸਾਵਧਾਨੀਆਂ ਹਨ ਜੋ ਤੁਸੀਂ ਆਪਣੇ ਵਾਹਨ ਨੂੰ ਉਸ ਵੇਲੇ ਸੁਰੱਖਿਅਤ ਰੱਖਣ ਲਈ ਲੈ ਸਕਦੇ ਹੋ ਜਦੋਂ ਤੁਸੀਂ ਇਸਦੀ ਵਰਤੋਂ ਨਾ ਕਰ ਰਹੇ ਹੋਵੋ।

### *ਕਾਰ ਸੁਰੱਖਿਆ*

- ਆਪਣੇ ਕਾਰ ਦੇ ਦਰਵਾਜ਼ਿਆਂ ਨੂੰ ਹਮੇਸ਼ਾਂ ਤਾਲਾ ਲਗਾ ਕੇ ਰੱਖੋ ਅਤੇ ਖਿੜਕੀਆਂ ਬੰਦ ਕਰ ਕੇ ਰੱਖੋ।
- ਸਾਹਮਣੇ ਕੋਈ ਅਜਿਹੀ ਚੀਜ਼ ਦਿਖਾਈ ਦਿੰਦੀ ਨਾ ਛੱਡੋ ਜੋ ਚੋਰਾਂ ਨੂੰ ਖਿੱਚ ਸਕਦੀ ਹੋਵੇ, ਮਿਸਾਲ ਲਈ, ਸੀਡੀ ਪਲੇਅਰ, ਬੈਗ ਜਾਂ ਜੈਕੇਟ।
- ਆਪਣੇ ਕਾਰ ਦੇ ਦਸਤਾਵੇਜ਼ਾਂ ਨੂੰ ਕਾਰ ਵਿੱਚ ਨਾ ਰੱਖੋ; ਉਹਨਾਂ ਨੂੰ ਘਰ ਵਿੱਚ ਕਿਸੇ ਸੁਰੱਖਿਅਤ ਜਗ੍ਹਾ 'ਤੇ ਰੱਖੋ।

### *ਸਾਈਕਲ ਦੀ ਸੁਰੱਖਿਆ*

- ਆਪਣੇ ਸਾਈਕਲ ਨੂੰ ਹਮੇਸ਼ਾਂ ਸੰਗਲੀ ਅਤੇ ਪੈਡਲੱਕ ਨਾਲ ਤਾਲਾ ਲਗਾ ਕੇ ਜਾਂ ਖਾਸ ਬਾਈਕ ਦਾ ਤਾਲਾ ਲਗਾ ਕੇ ਰੱਖੋ।
- ਹਟਾਈਆਂ ਜਾਣ ਵਾਲੀਆਂ ਸਾਰੀਆਂ ਚੀਜ਼ਾਂ ਆਪਣੇ ਨਾਲ ਲੈ ਜਾਓ, ਮਿਸਾਲ ਲਈ ਤੁਹਾਡਾ ਹੈਲਮੇਟ।
- ਆਪਣੀ ਬਾਈਕ ਦੇ ਮਾਡਲ ਅਤੇ ਨਿਰਮਾਤਾ ਬਾਰੇ ਲਿਖ ਕੇ ਰੱਖੋ। ਆਪਣੇ ਬਾਈਕ ਉੱਪਰ ਆਪਣਾ ਪੋਸਟਕੋਡ ਲਿਖਣ ਲਈ ਅਲਟ੍ਰਾਵਾਇਲਟ ਮਾਰਕਰ ਦੀ ਵਰਤੋਂ ਕਰੋ। ਇਹ ਪੈੱਨ ਮਹਿੰਗੇ ਨਹੀਂ ਹੁੰਦੇ ਅਤੇ ਜ਼ਿਆਦਾਤਰ ਹਾਰਡਵੇਅਰ ਸਟੋਰਾਂ ਤੇ ਉਪਲਬਧ ਹੁੰਦੇ ਹਨ।
- ਪੁਲੀਸ ਤੋਂ ਇਕ 'ਰਿਕਾਰਡ ਕੀਤਾ ਹੋਇਆ ਸਾਈਕਲ ਦਾ ਫ਼ਾਰਮ' ਮੰਗੋ। ਜਦੋਂ ਤੁਸੀਂ ਇਸਨੂੰ ਭਰ ਲਿਆ ਹੋਵੇ, ਤਾਂ ਤੁਸੀਂ ਅਤੇ ਤੁਹਾਡਾ ਬਾਈਕ ਕੌਮੀ ਡਾਟਾਬੇਸ ਤੇ ਆ ਜਾਣਗੇ ਅਤੇ ਜੇ ਤੁਹਾਡੀ ਬਾਈਕ ਮਿਲ ਜਾਂਦੀ ਹੈ ਤਾਂ ਇਸਦਾ ਮਿਲਾਨ ਤੁਰੰਤ ਤੁਹਾਡੇ ਨਾਲ ਕਰ ਦਿੱਤਾ ਜਾਵੇਗਾ।

## ਘਰ ਦੀ ਸੁਰੱਖਿਆ

ਆਪਣੇ ਮਕਾਨ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਮੁੱਖ ਚੀਜ਼ ਇਹ ਹੈ ਕਿ ਇਸਨੂੰ ਚੰਗੀ ਤਰ੍ਹਾਂ ਨਾਲ ਤਾਲਾ ਲੱਗ ਸਕਦਾ ਹੋਵੇ। ਇਹ ਜਾਂਚ ਕਰੋ ਕਿ ਤੁਹਾਡੀਆਂ ਸਾਰੀਆਂ ਖਿੜਕੀਆਂ ਅਤੇ ਦਰਵਾਜ਼ਿਆਂ ਨੂੰ ਸੁਰੱਖਿਅਤ ਢੰਗ ਨਾਲ ਤਾਲਾਬੰਦ ਕੀਤਾ ਜਾ ਸਕਦਾ ਹੋਵੇ। ਜੇ ਤੁਸੀਂ ਕਿਰਾਏ ਦੀ ਰਿਹਾਇਸ਼ ਵਿੱਚ ਰਹਿ ਰਹੇ ਹੋ ਤਾਂ ਇਹ ਯਕੀਨੀ ਬਣਾਉਣ ਦੀ ਕਾਨੂੰਨੀ ਜ਼ਿੰਮੇਵਾਰੀ ਤੁਹਾਡੇ ਮਕਾਨ-ਮਾਲਕ ਦੀ ਹੈ ਕਿ ਤੁਹਾਡਾ ਘਰ ਸੁਰੱਖਿਅਤ ਅਤੇ ਸਲਾਮਤ ਹੋਵੇ। ਕੁਝ ਹੋਰ ਸਾਵਧਾਨੀਆਂ ਹੇਠਾਂ ਦਿੱਤੀਆਂ ਗਈਆਂ ਹਨ ਜੋ ਤੁਸੀਂ ਲੈ ਸਕਦੇ ਹੋ:

- ਚੋਰੀ ਦਾ ਬੀਮਾ ਕਰਵਾਓ। ਆਪਣੇ ਘਰ ਨੂੰ ਸੁਰੱਖਿਅਤ ਕਰਨ ਬਾਰੇ ਕਿਸੇ ਬੀਮਾ ਕੰਪਨੀ ਨਾਲ ਗੱਲ ਕਰੋ। ਇਸ ਵਿੱਚ ਪੈਸਾ ਲੱਗੇਗਾ ਪਰ ਜੇ ਤੁਹਾਡੇ ਘਰ ਨੂੰ ਕੁਝ ਹੋ ਜਾਂਦਾ ਹੈ ਤਾਂ ਇਹ ਬਹੁਤ ਹੀ ਲਾਹੇਵੰਦ ਰਹੇਗਾ। ਯਕੀਨੀ ਬਣਾਓ ਕਿ ਤੁਸੀਂ ਧਿਆਨ ਨਾਲ ਨਿਯਮਾਂ ਅਤੇ ਸ਼ਰਤਾਂ ਨੂੰ ਪੜ੍ਹ ਲਓ।
- ਜੇ ਤੁਸੀਂ ਕੁਝ ਦਿਨਾਂ ਲਈ ਘਰ ਤੋਂ ਬਾਹਰ ਜਾ ਰਹੇ ਹੋ ਤਾਂ ਕਿਸੇ ਗੁਆਂਢੀ ਜਾਂ ਦੋਸਤ ਨੂੰ ਤੁਹਾਡੇ ਘਰ ਦੀ ਦੇਖਭਾਲ ਕਰਨ ਲਈ ਕਹੋ।
- ਆਪਣੇ ਘਰ ਦੇ ਅੰਦਰ ਕੋਈ ਅਲਾਰਮ ਸਿਸਟਮ ਲਗਵਾਓ।
- ਜੇ ਤੁਸੀਂ ਆਪਣੇ ਸਮਾਨ, ਜਿਵੇਂ ਕਿ ਟੀਵੀ ਅਤੇ ਸਟੀਰੀਓ, ਉਪਰ ਅਲਟਰਾਵਾਇਲਟ ਪੈੱਨ ਦੀ ਵਰਤੋਂ ਨਾਲ ਆਪਣਾ ਪੋਸਟਕੋਡ ਲਿਖਦੇ ਹੋ, ਤਾਂ ਇਸ ਨਾਲ ਪੁਲੀਸ ਨੂੰ ਤੁਹਾਡੇ ਲਈ ਚੀਜ਼ਾਂ ਬਰਾਮਦ ਕਰਨ ਵਿੱਚ ਮਦਦ ਮਿਲੇਗੀ।
- ਭਾਵੇਂ ਤੁਸੀਂ ਆਪਣੇ ਘਰ ਨੂੰ ਸਿਰਫ਼ ਕੁਝ ਹੀ ਮਿੰਟਾਂ ਲਈ ਛੱਡ ਕੇ ਜਾ ਰਹੇ ਹੋਵੋ, ਤਾਂ ਵੀ ਯਕੀਨੀ ਬਣਾਓ ਕਿ ਤੁਸੀਂ ਇਸਨੂੰ ਤਾਲਾ ਲਗਾਕੇ ਜਾਓ।

## ਐਮਰਜੈਂਸੀ ਨੰਬਰ

ਕਿਸੇ ਐਮਰਜੈਂਸੀ ਵਿੱਚ ਦੋ ਨੰਬਰ ਹਨ ਜਿਹਨਾਂ ਤੇ ਤੁਸੀਂ ਕਿਸੇ ਲੈਂਡ ਲਾਈਨ ਜਾਂ ਮੋਬਾਈਲ ਫ਼ੋਨ ਤੋਂ ਫ਼ੋਨ ਕਰ ਸਕਦੇ ਹੋ। ਇਹ ਤੁਹਾਨੂੰ ਤੁਹਾਡੀਆਂ ਸਥਾਨਕ ਐਮਰਜੈਂਸੀ ਸੇਵਾਵਾਂ, ਪੁਲੀਸ, ਐਂਬੂਲੈਂਸ ਅਤੇ ਅੱਗ ਤੋਂ ਬਚਾਉਣ ਵਾਲੀਆਂ ਸੇਵਾਵਾਂ ਨਾਲ ਜੋੜਨਗੇ। ਜਦੋਂ ਤੁਸੀਂ ਫ਼ੋਨ ਕਰੋਗੇ ਤਾਂ ਤੁਹਾਨੂੰ ਇਹ ਪੁੱਛਿਆ ਜਾਵੇਗਾ ਕਿ ਤੁਹਾਨੂੰ ਕਿਹੜੀ ਸੇਵਾ ਦੀ ਲੋੜ ਹੈ, ਤੁਹਾਡਾ ਕੀ ਨਾਮ ਹੈ, ਕੀ ਵਾਪਰਿਆ ਸੀ ਅਤੇ ਤੁਹਾਡੇ ਵੱਲੋਂ ਵਰਤੇ ਜਾ ਰਹੇ ਫ਼ੋਨ ਦਾ ਨੰਬਰ ਕੀ ਹੈ। ਤੁਸੀਂ ਇਸ ਕਾਲ ਲਈ ਕਿਸੇ ਅਨੁਵਾਦਕ ਦੀ ਵਰਤੋਂ ਕਰ ਸਕਦੇ ਹੋ।

*999 ਡਾਇਲ ਕਰਨਾ*

ਇਹ ਯੂਕੇ ਦਾ ਕੌਮੀ ਐਮਰਜੈਂਸੀ ਨੰਬਰ ਹੈ। ਇਸ ਨੰਬਰ ਦੀ ਵਰਤੋਂ ਕਿਸੇ ਗੰਭੀਰ ਐਮਰਜੈਂਸੀ ਵਿੱਚ ਹੀ ਕਰੋ। ਮਿਸਾਲ ਲਈ ਜੇ:

- ਕਿਸੇ ਦੀ ਜਾਨ ਖਤਰੇ ਵਿੱਚ ਹੋਵੇ।
- ਕੋਈ ਗੰਭੀਰ ਰੂਪ ਵਿੱਚ ਜਖਮੀ ਹੋਵੇ।
- ਤੁਹਾਨੂੰ ਸ਼ੱਕ ਹੋਵੇ ਕਿ ਕੋਈ ਗੰਭੀਰ ਅਪਰਾਧ ਕੀਤਾ ਜਾ ਰਿਹਾ ਹੈ।

*112 ਡਾਇਲ ਕਰਨਾ*

ਇਹ ਨੰਬਰ ਯੂਰਪੀਅਨ ਯੂਨੀਅਨ ਲਈ ਇੱਕੋ ਐਮਰਜੈਂਸੀ ਟੈਲੀਫ਼ੋਨ ਨੰਬਰ ਹੈ। ਫੇਰ, ਤੁਹਾਨੂੰ ਇਸਦੀ ਵਰਤੋਂ ਸਿਰਫ਼ ਗੰਭੀਰ ਐਮਰਜੈਂਸੀਆਂ ਵਿੱਚ ਹੀ ਕਰਨੀ ਚਾਹੀਦੀ ਹੈ।

ਤੁਸੀਂ ਯੂਰਪੀਅਨ ਯੂਨੀਅਨ ਵਿੱਚ ਜਿੱਥੇ ਵੀ ਹੋਵੋ, ਤੁਸੀਂ 112 ਤੇ ਕਾਲ ਕਰ ਸਕਦੇ ਹੋ ਅਤੇ ਤੁਹਾਨੂੰ ਇਸ ਦੇਸ਼ ਦੀਆਂ ਐਮਰਜੈਂਸੀ ਸੇਵਾਵਾਂ ਨਾਲ ਸੰਪਰਕ ਕਰਵਾ ਦਿੱਤਾ ਜਾਵੇਗਾ।

ਯਾਦ ਰੱਖੋ:

ਸਾਰੀਆਂ 999 ਅਤੇ 112 ਕਾਲਾਂ ਰਿਕਾਰਡ ਕੀਤੀਆਂ ਜਾਂਦੀਆਂ ਹਨ ਅਤੇ ਜੇ ਤੁਸੀਂ ਝਾਂਸਾ ਦੇਣ ਵਾਲੀਆਂ ਐਮਰਜੈਂਸੀਆਂ ਕਾਲਾਂ ਕਰਦੇ ਹੋ ਤਾਂ ਇਸਦਾ ਮਤਲਬ ਹੈ ਕਿ ਤੁਸੀਂ ਕਨੂੰਨ ਤੋੜ ਰਹੇ ਹੋ।